




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Sunday 08 February, 2026 | website: www.cee7news.com


## ਭਿਆਨਕ ਰੋਡ ਐਕਸੀਡੈਂਟ ਵਿੱਚ ਯੂਥ ਕਾਂਗਰਸ ਆਗੂ ਰਾਹੁਲ ਰਾਏ ਸਮੇਤ ਦੋ ਵਿਅਕਤੀਆਂ ਦੀ ਮੌਤ



ਛੱਤੀਸਗੜ੍ਹ ਦੇ ਬਿਲਾਸਪੁਰ-ਕੋਰਬਾ ਮਾਰਗ ਉੱਤੇ ਬਣ ਰਹੀ ਭਾਰਤਮਾਲਾ ਰਾਸ਼ਟਰੀ ਰਾਜਮਾਰਗ ਇੱਕ ਵਾਰ ਫਿਰ ਜਾਨਲੇਵਾ ਸਾਬਤ ਹੋਈ ਹੈ। ਵੀਰਵਾਰ ਰਾਤ ਨੂੰ ਇੱਕ ਭਿਆਨਕ ਸੜਕ ਹਾਦਸੇ ਵਿੱਚ ਯੂਥ ਕਾਂਗਰਸ ਨੇਤਾ ਰਾਹੁਲ ਰਾਏ ਅਤੇ ਇੱਕ ਹੋਰ ਵਿਅਕਤੀ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦਕਿ ਦੋ ਹੋਰ ਲੋਕ ਗੰਭੀਰ ਜ਼ਖਮੀ ਹੋ ਗਏ। ਇਹ ਹਾਦਸਾ ਨਿਰਮਾਣ ਅਧੀਨ ਰਾਜਮਾਰਗ ਦੀ ਲਾਪਰਵਾਹੀ ਅਤੇ ਤੇਜ਼ ਰਫ਼ਤਾਰ ਕਾਰਨ ਵਾਪਰਿਆ।ਪੁਲਿਸ ਸਟੇਸ਼ਨ ਇੰਚਾਰਜ ਰਾਜੇਸ਼ ਤਿਵਾੜੀ ਮੁਤਾਬਕ, NSUI ਬਿਲਾਸਪੁਰ ਦੇ ਸਾਬਕਾ ਰਾਸ਼ਟਰੀ ਕਨਵੀਨਰ ਅਤੇ ਮੌਜੂਦਾ ਯੂਥ ਕਾਂਗਰਸ ਨੇਤਾ ਰਾਹੁਲ ਰਾਏ ਵੀਰਵਾਰ ਰਾਤ ਨੂੰ ਆਪਣੀ ਕਾਰ (ਰਜਿਸਟ੍ਰੇਸ਼ਨ ਨੰਬਰ CG 10 BF 9922) ਵਿੱਚ ਬਾਲਕੋ ਵਿਖੇ ਇੱਕ ਵਿਆਹ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ। ਉਨ੍ਹਾਂ ਨਾਲ ਜੋਂਧਰਾ ਨਿਵਾਸੀ ਆਟੋਮੋਬਾਈਲ ਏਜੰਸੀ ਦੇ ਮਾਲਕ ਧਾਲੂ ਅਗਰਵਾਲ, ਮਸਤੂਰੀ ਕਾਂਗਰਸ ਬਲਾਕ ਪ੍ਰਧਾਨ ਭੋਲਾ ਸਾਹੂ ਅਤੇ ਇੱਕ ਹੋਰ ਨੌਜਵਾਨ ਰਾਹੁਲ ਵੀ ਸਵਾਰ ਸਨ। ਗਰੁੱਪ ਨੇ ਬਿਲਾਸਪੁਰ ਦੇ ਛਾਬੜਾ ਪੈਲੇਸ ਵਿਖੇ ਇੱਕ ਵਿਆਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਲਗਭਗ 40 ਮਿੰਟ ਬਾਅਦ ਸਫ਼ਰ ਸ਼ੁਰੂ ਕੀਤਾ ਸੀ ਅਤੇ ਬਾਲਕੋ ਵੱਲ ਜਾ ਰਹੇ ਸਨ।

## ਨਵਜੋਤ ਕੌਰ ਸਿੱਧੂ ਨੇ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਬੋਲਿਆ ਹੈ



ਨਵਜੋਤ ਕੌਰ ਸਿੱਧੂ ਨੇ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਬੋਲਿਆ ਹੈ। ਉਹ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਹਨ ਅਤੇ ਹਾਲ ਹੀ ਵਿੱਚ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਇਹ ਫੈਸਲਾ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਐਲਾਨ ਕੀਤਾ। ਨਵਜੋਤ ਕੌਰ ਨੇ ਇਸ ਤੋਂ ਕੁਝ ਦਿਨ ਪਹਿਲਾਂ ਹੀ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਸੀ ਅਤੇ ਪਾਰਟੀ ਲੀਡਰਸ਼ਿਪ 'ਤੇ ਜ਼ਮੀਨੀ ਹਕੀਕਤਾਂ ਤੋਂ ਅਣਜਾਣ ਹੋਣ ਦਾ ਦੋਸ਼ ਲਗਾਇਆ ਸੀ।ਪਾਰਟੀ ਤੋਂ ਕੱਢੇ ਜਾਣ ਤੋਂ ਬਾਅਦ ਨਵਜੋਤ ਕੌਰ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਰਾਹੁਲ ਗਾਂਧੀ ਨੂੰ "ਪੱਪੂ" ਕਹਿ ਕੇ ਤਿੱਖੀ ਟਿੱਪਣੀ ਕੀਤੀ।

## ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ



ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਦੋਵੇਂ ਦੇਸ਼ਾਂ ਨੇ ਇੱਕ ਅੰਤਰਿਮ ਵਪਾਰ ਸਮਝੌਤੇ ਲਈ ਫਰੇਮਵਰਕ 'ਤੇ ਸਹਿਮਤੀ ਜਤਾਈ ਹੈ, ਜਿਸ ਅਨੁਸਾਰ ਅਮਰੀਕਾ ਵੱਲੋਂ ਭਾਰਤੀ ਵਸਤੂਆਂ ਤੇ ਲਗਾਏ ਗਏ ਟੈਕਸ (ਟੈਰਿਫ) ਨੂੰ ਘਟਾ ਕੇ 18 ਫੀਸਦੀ ਕਰ ਦਿੱਤਾ ਜਾਵੇਗਾ। ਇਹ ਘਟਾਅ ਪਿਛਲੇ ਸਾਲ ਅਗਸਤ ਵਿੱਚ ਲਗਾਏ ਗਏ 50 ਫੀਸਦੀ ਟੈਕਸ ਤੋਂ ਬਹੁਤ ਵੱਡੀ ਰਾਹਤ ਹੈ, ਜੋ ਮੁੱਖ ਤੌਰ 'ਤੇ ਭਾਰਤ ਵੱਲੋਂ ਰੂਸੀ ਤੇਲ ਦੀ ਖਰੀਦ ਕਾਰਨ ਲਾਗੂ ਕੀਤਾ ਗਿਆ ਸੀ। ਇਸ ਨਾਲ ਭਾਰਤੀ ਨਿਰਯਾਤਕਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਸੀ, ਪਰ ਹੁਣ ਇਹ ਸਥਿਤੀ ਬਦਲਣ ਵਾਲੀ ਹੈ।ਇਸ ਫਰੇਮਵਰਕ ਅਨੁਸਾਰ ਅਮਰੀਕਾ ਨੇ ਭਾਰਤ ਨੂੰ ਵੀ ਵੱਡੀਆਂ ਛੋਟਾਂ ਦੇਣ ਦਾ ਐਲਾਨ ਕੀਤਾ ਹੈ। ਭਾਰਤ ਅਮਰੀਕੀ ਉਦਯੋਗਿਕ ਵਸਤੂਆਂ ਅਤੇ ਖੇਤੀਬਾੜੀ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ 'ਤੇ ਟੈਕਸ ਖਤਮ ਕਰੇਗਾ ਜਾਂ ਘਟਾਏਗਾ। ਇਸ ਵਿੱਚ ਸੁੱਕੇ ਡਿਸਟਿਲਰ ਅਨਾਜ, ਪਸ਼ੂ ਖੁਰਾਕ ਲਈ ਲਾਲ ਸੋਰਘਮ, ਟ੍ਰੀ ਨਟਸ, ਤਾਜ਼ੇ ਤੇ ਪ੍ਰੋਸੈਸ ਕੀਤੇ ਫਲ, ਸੋਇਆਬੀਨ ਤੇਲ, ਵਾਈਨ ਤੇ ਸਪਿਰਿਟ ਵਰਗੇ ਉਤਪਾਦ ਸ਼ਾਮਲ ਹਨ।

ਖੁਰਾਲਗੜ੍ਹ **ਇਹ ਗੱਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖੁਰਾਲਗੜ੍ਹ ਵਿਖੇਰਾਜ ਪੱਧਰੀ ਸਮਾਗਮ ਦੌਰਾਨ ਕਹੀ।**

# ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਨੂੰ ਸੰਭਾਲਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਚਨਬੱਧ ਹਨ।

**ਖੁਰਾਲਗੜ੍ਹ:** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਨੂੰ ਸੰਭਾਲਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਚਨਬੱਧ ਹਨ। ਇਹ ਗੱਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖੁਰਾਲਗੜ੍ਹ ਵਿਖੇ 649ਵੇਂ ਪ੍ਰਕਾਸ਼ ਪੁਰਬ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਕਹੀ। ਇਹ ਸਮਾਗਮ ਉਸ ਪਵਿੱਤਰ ਥਾਂ ਤੇ ਹੋਇਆ ਜਿੱਥੇ ਗੁਰੂ ਜੀ ਨੇ ਚਾਰ ਸਾਲਾਂ ਤੋਂ ਵੱਧ ਸਮਾਂ ਤਪੱਸਿਆ ਕੀਤੀ ਅਤੇ ਧਰਤੀ ਨੂੰ ਪਵਿੱਤਰ ਕੀਤਾ।ਪੰਜਾਬ ਸਰਕਾਰ ਨੇ ਇਸ ਮੌਕੇ ਭਰਪੂਰ ਸ਼ਰਧਾ ਅਤੇ ਸਤਿਕਾਰ ਨਾਲ ਪ੍ਰਬੰਧ ਕੀਤੇ। ਸੰਤ ਨਿਰਮਲ ਦਾਸ ਜੀ ਜੋੜਾ ਵਾਲੇ ਨੇ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਵੱਲੋਂ ਪੂਰੇ ਸੰਤ ਸਮਾਜ ਦੀ ਤਰਫ਼ੋਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਦਿਨ ਹੈ ਜਦੋਂ ਮੁੱਖ ਮੰਤਰੀ, ਪੂਰੀ ਕੈਬਨਿਟ ਅਤੇ ਸੰਸਦ ਮੈਂਬਰ ਗੁਰੂ ਜੀ ਦੇ ਜਨਮ ਦਿਵਸ ਤੇ ਸ਼ਰਧਾਂਜਲੀ ਦੇਣ ਆਏ।ਸੰਤ ਪ੍ਰਦੀਪ ਦਾਸ ਜੀ ਡੇਰਾ ਬੱਲਾਂ ਵਾਲੇ ਨੇ ਵੀ ਸਰਕਾਰ ਦੇ ਯਤਨਾਂ ਦੀ ਸਰਾਹਨਾ ਕੀਤੀ। ਉਨ੍ਹਾਂ ਖਾਸ ਤੌਰ ਤੇ ਡੇਰਾ ਬੱਲਾਂ ਨੇੜੇ ਸ਼੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਸਥਾਪਤ ਕਰਨ ਲਈ 10 ਏਕੜ ਜ਼ਮੀਨ ਦੇਣ ਦੇ ਫੈਸਲੇ ਨੂੰ ਸਵਾਗਤ ਕੀਤਾ। ਇਹ ਕੇਂਦਰ ਗੁਰੂ ਜੀ ਦੀ ਵਿਰਾਸਤ ਨੂੰ ਸੰਭਾਲਣ ਵਿੱਚ ਵੱਡੀ ਭੂਮਿਕਾ ਨਿਭਾਏਗਾ।



## ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਰਕਾਰ ਨੇ ਅੱਜ ਤੋਂ ਸ਼ੁਰੂ ਹੋਣ ਵਾਲੇ ਇੱਕ ਸਾਲ ਭਰ ਦੇ ਪ੍ਰੋਗਰਾਮਾਂ ਦੀ ਰੂਪਰੇਖਾ ਤਿਆਰ ਕੀਤੀ ਹੈ। ਇਹ ਪ੍ਰੋਗਰਾਮ 650ਵੇਂ ਪ੍ਰਕਾਸ਼ ਪੁਰਬ (2027 ਵਿੱਚ) ਨੂੰ ਧਾਰਮਿਕ ਉਤਸ਼ਾਹ ਨਾਲ ਮਨਾਉਣ ਲਈ ਹਨ। ਇਨ੍ਹਾਂ ਰਾਹੀਂ ਗੁਰੂ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਦੇਸ਼ ਅਤੇ ਵਿਦੇਸ਼ ਦੇ ਹਰ ਕੋਨੇ ਤੱਕ ਪਹੁੰਚਾਇਆ ਜਾਵੇਗਾ। ਚੀਮਾ ਨੇ ਖੁੱਲ੍ਹ ਕੇ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਦੀ ਨਿਗਰਾਨੀ ਲਈ ਉਨ੍ਹਾਂ ਦੀ ਅਗਵਾਈ ਹੇਠ ਕੈਬਨਿਟ ਸਬ-ਕਮੇਟੀ ਬਣਾਈ ਗਈ ਹੈ। ਉਹ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨੇ ਸੰਗਤ ਨੂੰ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਅਮੀਰ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਵਿਧਾਨ ਸਭਾ ਦੇ ਉਪ-ਸਪੀਕਰ ਜੈ ਕਿਸ਼ਨ ਰੋੜੀ ਨੇ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ ਸਾਲ ਭਰ ਦੇ ਪ੍ਰੋਗਰਾਮ ਸ਼ੁਰੂ ਕਰਨ ਲਈ ਮੁੱਖ ਮੰਤਰੀ ਦਾ ਦਿਲੋਂ ਧੰਨਵਾਦ ਕੀਤਾ। ਇਹ ਥਾਂ ਉਨ੍ਹਾਂ ਦੇ ਗੜ੍ਹਸ਼ੰਕਰ ਹਲਕੇ ਵਿੱਚ ਹੈ।ਇਹ ਕੇਂਦਰ ਗੁਰੂ ਜੀ ਦੀ ਵਿਰਾਸਤ ਨੂੰ ਸੰਭਾਲਣ ਵਿੱਚ ਵੱਡੀ ਭੂਮਿਕਾ ਨਿਭਾਏਗਾ।

। ਵਿਧਾਨ ਸਭਾ ਦੇ ਉਪ-ਸਪੀਕਰ ਜੈ ਕਿਸ਼ਨ ਰੋੜੀ ਨੇ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ ਸਾਲ ਭਰ ਦੇ ਪ੍ਰੋਗਰਾਮ ਸ਼ੁਰੂ ਕਰਨ ਲਈ ਮੁੱਖ ਮੰਤਰੀ ਦਾ ਦਿਲੋਂ ਧੰਨਵਾਦ ਕੀਤਾ। ਇਹ ਥਾਂ ਉਨ੍ਹਾਂ ਦੇ ਗੜ੍ਹਸ਼ੰਕਰ ਹਲਕੇ ਵਿੱਚ ਹੈ। ਸਮਾਗਮ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਕੈਬਨਿਟ ਮੈਂਬਰਾਂ ਨੇ ਸੰਗਤ ਨਾਲ ਅਰਦਾਸ ਵਿੱਚ ਹਿੱਸਾ ਲਿਆ। ਸ੍ਰੀ ਅਖੰਡ ਪਾਠ ਸਾਹਿਬ ਸੰਪੰਨ ਹੋਣ ਤੋਂ ਬਾਅਦ ਸਭ ਨੇ ਗੁਰੂ ਜੀ ਦੇ ਤਪੱਸਿਆ ਸਥਾਨ ਤੇ ਮੱਥਾ ਟੇਕਿਆ। ਇਹ ਸਮਾਗਮ ਗੁਰੂ ਰਵਿਦਾਸ ਜੀ ਦੀ ਸਮਾਨਤਾ, ਦਯਾ ਅਤੇ ਮਨੁੱਖੀ ਇੱਜ਼ਤ ਵਾਲੀ ਵਿਰਾਸਤ ਨੂੰ ਸੰਭਾਲਣ ਦੀ ਸਰਕਾਰੀ ਅਤੇ ਸਮਾਜਿਕ ਕੋਸ਼ਿਸ਼ ਦਾ ਪ੍ਰਤੀਕ ਹੈ।ਪੰਜਾਬ ਸਰਕਾਰ ਨੇ ਪਹਿਲਾਂ ਹੀ ਖੁਰਾਲਗੜ੍ਹ ਸਾਹਿਬ ਤੇ ਵਿਸ਼ਵ ਪੱਧਰੀ ਯਾਦਗਾਰ ਬਣਾਈ ਹੈ ਜਿਸ ਤੇ 148 ਕਰੋੜ ਰੁਪਏ ਖਰਚ ਹੋਏ। ਇਹ ਗੁਰੂ ਜੀ ਦੀ ਵਿਰਾਸਤ ਪ੍ਰਤੀ ਸਰਕਾਰ ਦੀ ਨਿਮਰਤਾ ਵਾਲੀ ਸ਼ਰਧਾਂਜਲੀ ਹੈ। ਗੁਰੂ ਜੀ ਦੇ ਉਪਦੇਸ਼ ਅੱਜ ਵੀ ਮਨੁੱਖਤਾ ਨੂੰ ਰਾਹ ਦਿਖਾਉਂਦੇ ਹਨ ਅਤੇ ਸਰਕਾਰ ਇਸ ਨੂੰ ਅੱਗੇ ਵਧਾਉਣ ਲਈ ਪੂਰੀ ਤਾਕਤ ਲਾਈ ਹੋਈ ਹੈ। ਇਸ ਤਰ੍ਹਾਂ ਪੰਜਾਬ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤ ਕਰਨ ਦੇ ਯਤਨ ਜਾਰੀ ਹਨ ਜੋ ਸੂਬੇ ਦੀ ਪਛਾਣ ਨੂੰ ਹੋਰ ਉਜਾਗਰ ਕਰਨਗੇ।

**Cee7 NEWS** **ਖਾਸ ਕਰਕੇ ਵੱਖ-ਵੱਖ ਰਾਜਾਂ ਵਿੱਚ ਵੱਖਰੇ ਤਿਉਹਾਰਾਂ ਅਤੇ ਜਯੰਤੀਆਂ ਕਾਰਨ।**

# ਫਰਵਰੀ 2026 ਵਿੱਚ ਭਾਰਤ ਵਿੱਚ ਛੁੱਟੀਆਂ ਦਾ ਮਾਮਲਾ ਕਾਫੀ ਰੁਚਕ ਹੈ,

ਫਰਵਰੀ 2026 ਵਿੱਚ ਭਾਰਤ ਵਿੱਚ ਛੁੱਟੀਆਂ ਦਾ ਮਾਮਲਾ ਕਾਫੀ ਰੁਚਕ ਹੈ, ਖਾਸ ਕਰਕੇ ਵੱਖ-ਵੱਖ ਰਾਜਾਂ ਵਿੱਚ ਵੱਖਰੇ ਤਿਉਹਾਰਾਂ ਅਤੇ ਜਯੰਤੀਆਂ ਕਾਰਨ। ਇੱਕ ਖਬਰ ਵਿੱਚ ਦੱਸਿਆ ਗਿਆ ਹੈ ਕਿ 12 ਅਤੇ 13 ਫਰਵਰੀ ਨੂੰ ਕੁਝ ਰਾਜਾਂ ਵਿੱਚ ਛੁੱਟੀਆਂ ਜਾਂ ਸਕੂਲ ਬੰਦ ਰਹਿਣ ਦੀ ਸੰਭਾਵਨਾ ਹੈ। ਆਓ ਵਿਸਥਾਰ ਨਾਲ ਸਮਝੀਏ।


ਸਭ ਤੋਂ ਪਹਿਲਾਂ 12 ਫਰਵਰੀ 2026 (ਵੀਰਵਾਰ) ਨੂੰ ਮਹਰਿਸ਼ੀ ਦਯਾਨੰਦ ਸਰਸਵਤੀ ਜਯੰਤੀ ਮਨਾਈ ਜਾਂਦੀ ਹੈ। ਇਹ ਆਰੀਆ ਸਮਾਜ ਦੇ ਸੰਸਥਾਪਕ ਦਾ ਜਨਮ ਦਿਨ ਹੈ ਅਤੇ ਇਹ ਰੈਸਟ੍ਰਿਕਟਿਡ ਹਾਲੀਡੇ (ਵਿਕਲਪਿਕ ਛੁੱਟੀ) ਵਜੋਂ ਮੰਨੀ ਜਾਂਦੀ ਹੈ। ਕਈ ਰਾਜਾਂ ਵਿੱਚ ਸਰਕਾਰੀ ਦਫਤਰਾਂ ਜਾਂ ਸਕੂਲਾਂ ਵਿੱਚ ਇਸ ਨੂੰ ਛੁੱਟੀ ਦਿੱਤੀ ਜਾ ਸਕਦੀ ਹੈ, ਪਰ ਇਹ ਰਾਜ ਸਰਕਾਰਾਂ 'ਤੇ ਨਿਰਭਰ ਕਰਦਾ ਹੈ। ਪੰਜਾਬ ਵਿੱਚ ਇਸ ਨੂੰ ਆਮ ਤੌਰ 'ਤੇ ਰੈਸਟ੍ਰਿਕਟਿਡ ਹਾਲੀਡੇ ਵਜੋਂ ਲਿਆ ਜਾਂਦਾ ਹੈ, ਭਾਵ ਸਕੂਲ ਜਾਂ ਦਫਤਰ ਵਿਸ਼ੇਸ਼ ਤੌਰ 'ਤੇ ਬੰਦ ਨਹੀਂ ਹੁੰਦੇ ਪਰ ਕੁਝ ਥਾਵਾਂ 'ਤੇ ਸਥਾਨਕ ਫੈਸਲੇ ਨਾਲ ਛੁੱਟੀ ਮਿਲ ਸਕਦੀ ਹੈ।

13 ਫਰਵਰੀ 2026 (ਸ਼ੁੱਕਰਵਾਰ) ਨੂੰ ਸ਼ਬ-ਏ-ਬਰਾਤ ਮਨਾਈ ਜਾਂਦੀ ਹੈ, ਜੋ ਇਸਲਾਮੀ ਭਾਈਚਾਰੇ ਵਿੱਚ ਅਹਿਮ ਰਾਤ ਹੈ ਜਿੱਥੇ ਲੋਕ ਦੁਆਵਾਂ ਅਤੇ ਇਬਾਦਤ ਕਰਦੇ ਹਨ। ਇਸ ਨੂੰ ਪੱਛਮੀ ਬੰਗਾਲ ਵਿੱਚ ਸਰਕਾਰੀ ਛੁੱਟੀ ਐਲਾਨ ਕੀਤੀ ਗਈ ਹੈ, ਜਿਸ ਕਾਰਨ ਸਰਕਾਰੀ ਦਫਤਰ ਬੰਦ ਰਹਿਣਗੇ ਅਤੇ 13 ਤੋਂ 16 ਫਰਵਰੀ ਤੱਕ ਚਾਰ ਦਿਨਾਂ ਦਾ ਲੰਮਾ ਵੀਕਐਂਡ ਬਣ ਜਾਵੇਗਾ (ਸ਼ੁੱਕਰਵਾਰ ਤੋਂ ਸੋਮਵਾਰ ਤੱਕ, ਕਿਉਂਕਿ 14 ਅਤੇ 15 ਵੀ ਕੁਝ ਛੁੱਟੀਆਂ ਨਾਲ ਜੁੜੀਆਂ ਹਨ)। ਹੋਰ ਰਾਜਾਂ ਵਿੱਚ ਇਹ ਛੁੱਟੀ ਨਹੀਂ ਹੈ ਪਰ ਮੁਸਲਿਮ ਭਾਈਚਾਰੇ ਵਿੱਚ ਖਾਸ ਮਹੱਤਵ ਰੱਖਦੀ ਹੈ।

ਪੰਜਾਬ ਵਿੱਚ ਫਰਵਰੀ 2026 ਦੀਆਂ ਮੁੱਖ ਛੁੱਟੀਆਂ ਇਸ ਤਰ੍ਹਾਂ ਹਨ:

1 ਫਰਵਰੀ (ਐਤਵਾਰ): ਗੁਰੂ ਰਵਿਦਾਸ ਜਯੰਤੀ – ਇਹ ਪੰਜਾਬ ਸਮੇਤ ਹਰਿਆਣਾ, ਮੱਧ ਪ੍ਰਦੇਸ਼ ਆਦਿ ਵਿੱਚ ਗੈਜ਼ਟਿਡ ਹਾਲੀਡੇ ਹੈ। ਲੋਕ ਗੁਰੂ ਜੀ ਦੇ ਜਨਮ ਨੂੰ ਸ਼ਰਧਾਂਜਲੀ ਦਿੰਦੇ ਹਨ ਅਤੇ ਮੇਲੇ ਲੱਗਦੇ ਹਨ।

15 ਫਰਵਰੀ (ਐਤਵਾਰ): ਮਹਾ ਸ਼ਿਵਰਾਤਰੀ – ਭਗਵਾਨ ਸ਼ਿਵ ਨੂੰ ਸਮਰਪਿਤ ਤਿਉਹਾਰ। ਪੰਜਾਬ ਵਿੱਚ ਇਹ ਰੀਜਨਲ ਹਾਲੀਡੇ ਹੈ, ਪਰ ਐਤਵਾਰ ਹੋਣ ਕਾਰਨ ਵੀਕਐਂਡ ਵਿੱਚ ਆ ਜਾਂਦੀ ਹੈ। ਲੋਕ ਰਾਤ ਭਰ ਜਾਗਰਣ ਕਰਦੇ ਹਨ ਅਤੇ ਮੰਦਰਾਂ ਵਿੱਚ ਪੂਜਾ ਕਰਦੇ ਹਨ।




ਪੰਜਾਬ ਵਿੱਚ ਫਰਵਰੀ ਵਿੱਚ ਕੋਈ ਵੱਡੀ ਗੈਜ਼ਟਿਡ ਛੁੱਟੀ ਨਹੀਂ ਹੈ ਜੋ ਵੀਕਡੇ 'ਤੇ ਪਵੇ, ਪਰ ਸਕੂਲਾਂ ਅਤੇ ਦਫਤਰਾਂ ਵਿੱਚ ਰੈਸਟ੍ਰਿਕਟਿਡ ਹਾਲੀਡੇ ਵਜੋਂ ਮਹਰਿਸ਼ੀ ਦਯਾਨੰਦ ਜਯੰਤੀ ਵਰਗੇ ਦਿਨ ਲਏ ਜਾ ਸਕਦੇ ਹਨ। ਇਸ ਤੋਂ ਇਲਾਵਾ, ਫਰਵਰੀ ਵਿੱਚ ਬੋਰਡ ਪ੍ਰੀਖਿਆਵਾਂ (ਜਿਵੇਂ CBSE ਕਲਾਸ 10 ਅਤੇ 12) ਸ਼ੁਰੂ ਹੋਣ ਵਾਲੀਆਂ ਹਨ (17 ਫਰਵਰੀ ਤੋਂ), ਇਸ ਲਈ ਸਕੂਲ ਅਕਸਰ ਰਿਵੀਜ਼ਨ ਅਤੇ ਪ੍ਰੈਕਟੀਕਲ 'ਤੇ ਫੋਕਸ ਕਰਦੇ ਹਨ ਅਤੇ ਛੁੱਟੀਆਂ ਘੱਟ ਰੱਖਦੇ ਹਨ।ਹੋਰ ਰਾਜਾਂ ਵਿੱਚ ਵੀ ਫਰਵਰੀ ਵਿੱਚ ਕੁਝ ਖਾਸ ਛੁੱਟੀਆਂ ਹਨ ਜਿਵੇਂ:ਮਹਾਰਾਸ਼ਟਰ ਵਿੱਚ 19 ਫਰਵਰੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਜਯੰਤੀ।

ਮਣੀਪੁਰ ਵਿੱਚ 15 ਫਰਵਰੀ ਨੂੰ ਲੂਈ ਨਗਾਈ ਨੀ।ਸਿੱਕਿਮ ਵਿੱਚ 18 ਫਰਵਰੀ ਨੂੰ ਲੋਸਾਰ (ਤਿਬਤੀ ਨਵਾਂ ਸਾਲ)।ਪੰਜਾਬ ਵਿੱਚ ਰਹਿਣ ਵਾਲੇ ਲੋਕਾਂ ਲਈ ਫਰਵਰੀ ਮਹੀਨਾ ਬੱਸੰਤ ਦੀ ਰੁੱਤ ਨਾਲ ਭਰਪੂਰ ਹੁੰਦਾ ਹੈ, ਪਰ ਛੁੱਟੀਆਂ ਦੇ ਮਾਮਲੇ ਵਿੱਚ ਇਹ ਬਹੁਤੇ ਐਤਵਾਰਾਂ 'ਤੇ ਨਿਰਭਰ ਕਰਦਾ ਹੈ। ਜੇਕਰ ਤੁਸੀਂ ਸਕੂਲ ਜਾਂ ਨੌਕਰੀ ਵਾਲੇ ਹੋ ਤਾਂ ਅਧਿਕਾਰਤ ਨੋਟਿਸ ਜਾਂ ਸਰਕਾਰੀ ਵੈੱਬਸਾਈਟ ਤੋਂ ਪੁਸ਼ਟੀ ਕਰ ਲਓ ਕਿਉਂਕਿ ਕੁਝ ਛੁੱਟੀਆਂ ਸਥਾਨਕ ਪੱਧਰ 'ਤੇ ਬਦਲ ਸਕਦੀਆਂ ਹਨ।ਕੁੱਲ ਮਿਲਾ ਕੇ, ਫਰਵਰੀ 2026 ਵਿੱਚ ਛੁੱਟੀਆਂ ਘੱਟ ਪਰ ਮਹੱਤਵਪੂਰਨ ਹਨ ਅਤੇ ਵੱਖ-ਵੱਖ ਧਰਮਾਂ ਦੇ ਤਿਉਹਾਰਾਂ ਨਾਲ ਜੁੜੀਆਂ ਹੋਈਆਂ ਹਨ। ਇਹ ਮਹੀਨਾ ਪੜ੍ਹਾਈ ਅਤੇ ਤਿਉਹਾਰਾਂ ਦਾ ਸੁੰਦਰ ਸੰਤੁਲਨ ਬਣਾਉਂਦਾ ਹੈ।

## ਤੇਰੇ ਸ਼ਹਿਰ ਦੀ ਧੁੱਪ



ਤੇਰੇ ਸ਼ਹਿਰ ਦੀ ਧੁੱਪ ਵੀ ਮੈਨੂੰ ਲੱਗਦੀ ਸੀ ਕਦੇ ਛਾਂ ਵਰਗੀ।
ਤੇਰੇ ਸ਼ਹਿਰ ਦੀ ਹਰ ਬਸਤੀ ਸੀ ਕਿਸੇ ਪਵਿੱਤਰ ਥਾਂ ਵਰਗੀ।
ਜਿਸ ਦਿਨ ਦਾ ਤੂੰ ਤੋੜ-ਵਿਛੋੜਾ ਕਰਕੇ ਮੈਥੋਂ ਵੱਖ ਹੋਇਉਂ,
ਮੈਨੂੰ ਸਾਰੀ ਦੁਨੀਆਂ ਲੱਗਦੀ ਉਜੜੇ ਕਿਸੇ ਗਰਾਂ ਵਰਗੀ।
ਝਉਲਾ-ਝਉਲਾ ਹੁਣ ਤਾਂ ਮੈਨੂੰ ਸਭ ਕੁੱਝ ਨਜਰੀ ਆਉਂਦਾ ਏ,
ਨਿਗ੍ਹਾ ਹੁੰਦੀ ਸੀ ਮੇਰੀ ਸੱਜਣਾ ਕਿਸੇ ਪਹਾੜੀ ਕਾਂ ਵਰਗੀ।
ਨਾਂਹ ਆਖੀ ਵੀ ਤੇਰੀ ਮੈਨੂੰ ਹਾਂ ਹੀ ਲੱਗਦੀ ਹੁੰਦੀ ਸੀ,
ਹੁਣ ਤਾਂ ਤੂੰ ਜੇ ਹਾਂ ਵੀ ਆਖੇਂ ਉਹ ਲੱਗਣੀ ਨਾਂਹ ਵਰਗੀ।
ਮੇਰੇ ਦਿਲ ਵਿੱਚ ਤੇਰੇ ਬਾਝੋਂ ਹੋਰ ਕਿਸੇ ਲਈ ਥਾਂ ਨਹੀਂ ਹੈ,
ਵੇਖੀਂ 'ਨਾਗਰਾ' ਤੇਰੀ ਜਿੰਦਗੀ ਹੋ ਨਾ ਜਾਏ ਸਰਾਂ ਵਰਗੀ।

ਜਸਪਾਲ ਸਿੰਘ ਨਾਗਰਾ'ਮਹਿੰਦਪੁਰੀਆ'
ਪੋਰਟਲੈਂਡ, ਓਰੇਗਨ (ਅਮਰੀਕਾ)
ਫੋਨ: +13604481989

## ਜਿੰਦਗੀ ਸਿੱਖਣ ਲਈ ਹੈ, ਜਿੱਤਣ ਲਈ ਨਹੀਂ (ਲੇਖਕ : ਨਰਿੰਦਰ ਕੌਰ ਮਠਾੜੂ)




ਜਦੋਂ ਵੀ ਸਾਡੀ ਕਿਸੇ ਨਾਲ਼ ਗੱਲ, ਬਹਿਸ, ਵਿਚਾਰ, ਤਕਰਾਰ ਹੁੰਦੀ ਹੈ ਤਾਂ ਇਨਸਾਨੀ ਸੁਭਾਅ ਏ ਕਿ ਗੱਲਬਾਤ ਦੇ ਅੰਤ ਵਿੱਚ ਅਸੀਂ ਹਮੇਸ਼ਾਂ ਏਹੀ ਚਾਹੁੰਦੇ ਹਾਂ ਕਿ ਅਸੀਂ ਹੀ ਸਹੀ ਸਾਬਿਤ ਹੋਈਏ ਜਿੱਤੀਏ ਅਤੇ ਸਾਹਮਣੇ ਵਾਲ਼ਾ ਗ਼ਲਤ ਸਾਬਿਤ ਹੋ ਜਾਵੇ ਅਤੇ ਸਾਡੇ ਤੋਂ ਮਾਫੀ ਮੰਗੇ।

ਪਰ ਜੇ ਏਦਾਂ ਨਾ ਹੋਵੇ ਤਾਂ ਸਾਨੂੰ ਗੁੱਸਾ ਜਾਂ ਖਿਝ ਆਉਂਦੀ ਹੈ ਅਤੇ ਲਗਦਾ ਮੇਰੇ ਜਹੇ ਸਮਝਦਾਰ ਨੂੰ ਸਮਝਣ ਦੀ ਕਿਸੇ ਵਿੱਚ ਏਨੀ ਸਮਝ ਹੀ ਨਹੀਂ।

ਇਸ frustration ਤੋਂ ਬਚਣ ਲਈ ਹੋ ਸਕੇ ਤਾਂ ਠਰੰਮੇ ਨਾਲ਼, ਬਿਨਾਂ ਮੁੱਖੜੇ ਦੇ ਹਾਵ ਭਾਵ ਜ਼ਾਹਿਰ ਕਰਦੇ ਹੋਏ ਗੱਲਬਾਤ ਕਰੀਏ ਅਤੇ ਅੰਤ ਵਿੱਚ ਏਹੀ ਸੋਚਿਆ ਜਾਵੇ ਕਿ ਮੈਂ ਤਾਂ ਆਪਣੇ ਵੱਲੋਂ ਆਪਣਾ best ਦਿੱਤਾ, ਬੇਸ਼ੱਕ ਅਗਲਾ ਨਹੀਂ ਸਮਝਿਆ ਜਾਂ ਨਹੀਂ ਸਹਿਮਤ ਹੋਇਆ, ਕੋਈ ਗੱਲ ਨਹੀਂ।

ਪਰ ਅਕਸਰ ਅਸੀਂ ਬੋਲਣ ਲਈ ਉਤਾਵਲੇ ਰਹਿੰਦੇ ਆਂ, ਸੁਣਦੇ ਘੱਟ ਹਾਂ।
ਥੋੜ੍ਹਾ ਸੁਣੋ, ਥੋੜ੍ਹਾ ਕਹੋ। ਸਿੱਖੋ ਅਤੇ ਅੱਗੇ ਵਧੋ।
ਲੇਖਕ : ਨਰਿੰਦਰ ਕੌਰ ਮਠਾੜੂ

## ਮੈਂ ਓਹਦੇ ਵਿੱਚ ਤੇ, ਓਹ ਮੇਰੇ ਵਿੱਚ ਵੱਸਦਾ ਏ,



ਮੈਂ ਓਹਦੇ ਵਿੱਚ ਤੇ, ਓਹ ਮੇਰੇ ਵਿੱਚ ਵੱਸਦਾ ਏ,
ਮੈਂ ਉਹਨੂੰ ਤੇ ਓਹ ਮੈਨੂ ਹਰ, ਦੁੱਖ ਸੁੱਖ ਦੱਸਦਾ ਏ ,
ਅੱਖਾਂ ਨਾਲ ਓਹ ਕਰੇ ਗੱਲਾਂ ,
ਚੁੱਪ ਜਿਹੀ ਬੁੱਲੀਆਂ ਤੇ ਰੱਖਦਾ ਏ,
ਲੜੀਏ ਭਾਵੇਂ ਇੱਕ ਦੂਜੇ ਨਾਲ ਹਜਾਰੋਂ ਦਫ਼ਾ,
ਪਰ ਮੈਂ ਓਹਦੇ ਨਾਲ ਤੇ ਓਹ ਮੇਰੇ ਨਾਲ ਹੱਸਦਾ ਏ,
ਦੇਖਣ ਨੂੰ ਤਾਂ ਦੁਨਿਆਂ ਹੈ ਬੜੀ ਰੰਗ ਬਿਰੰਗੀ,
ਪਰ ਮੈਂ ਉਹਨੂੰ ਤੇ ਓਹ ਮੈਨੂ ਹੀ ਬੱਸ ਤੱਕਦਾ ਏ,
ਹੋਣਗੇ ਜੱਗ ਤੇ ਸੋਹਣੇ ਸੁਨੱਖੇ ਹੋਰ ਬਥੇਰੇ,
ਪਰ ਮੈਂ ਓਹਦੇ ਨਾਲ ਤੇ ਓਹ ਮੇਰੇ ਨਾਲ ਫੱਬਦਾ ਏ,
ਲੋਕੀ ਸਜਾਉਂਦੇ ਆਪਣਾ ਆਪਾ ਦਿਖਾਵੇ ਲਈ,
ਪਰ ਮੈਂ ਓਹਦੇ ਲਈ ਤੇ ਓਹ ਮੇਰੇ ਲਈ ਹੀ ਸੱਜਦਾ ਏ,
ਦੁਨੀਆਂ ਲੱਭਦੀ ਰੱਬ ਨੂੰ ਥਾਂ ਥਾਂ ਬਾਈ,
ਰਾਣੂ ਨੂੰ ਇੱਕ ਦੂਜੇ ਵਿੱਚ ਰੱਬ ਲੱਭਦਾ ਏ।।
ਗੁਰਜੀਤ ਕੌਰ ਰਾਣੂ

## ਨੱਤੀਆਂ ਘੜਾਉਣ ਦੇ ਚਾਅ 'ਚ ਵਿੰਨ੍ਹੇ ਕੰਨਾਂ ਦੀ ਰੜਕ ਵੀ ਚੇਤੇ ਨਹੀਂ ਰਹਿੰਦੀ।



ਨੱਤੀਆਂ ਘੜਾਉਣ ਦੇ ਚਾਅ 'ਚ ਵਿੰਨ੍ਹੇ ਕੰਨਾਂ ਦੀ ਰੜਕ ਵੀ ਚੇਤੇ ਨਹੀਂ ਰਹਿੰਦੀ। ਢਿੱਲੀ ਜੇਬ ਦਾ ਬੋਝ ਦਿਲ ਤੇ ਭਾਰੀ ਨਹੀਂ ਪੈਂਦਾ। ਚਾਅ ਦੇ ਮਾਰੇ ਸੂਲਾਂ ਦੀ ਚੋਭ ਵੀ ਮਿੱਠੀ -ਮਿੱਠੀ ਲੱਗਦੀ ਹੈ। ਬਸ ਐਨੀ ਕੁ 'ਤੇ ਇਹੋ ਹੀ ਜ਼ਿੰਦਗੀ ਏ... ਜ਼ਿੰਦਗਾਨੀ ਤੇਰੇ ਲੇਖੇ ਮਿੱਤਰਾ!
ਬਾਕੀ ਦੀਆਂ ਜਾਂ ਤੂੰ ਜਾਣੇ ਜਾਂ ਕੋਈ ਵੀ ਨਹੀਂ
ਜਸ ਜੀਤ

## ਪਿਆਰਿਆਂ ਬੇਟੀਆਂ ਜਦ ਬੜੀ ਮਿਹਨਤ ਕਰ ਪਹਿਲੇ ਦਰਜੇ ਆਉਂਦੀਆਂ, ਤੇ ਘਰ ਘਰ ਪਰਿਵਾਰ ਕਹਿੰਦੇ ਸਾਡੀ ਬੇਟੀ ਇਹੋ ਜਿਹੀ ਹੋਵੇ।



ਲੇਖਕ :- ਮਨਦੀਪ ਕੌਰ ਟਾਂਗਰਾ

ਪਿਆਰਿਆਂ ਬੇਟੀਆਂ ਜਦ ਬੜੀ ਮਿਹਨਤ ਕਰ ਪਹਿਲੇ ਦਰਜੇ ਆਉਂਦੀਆਂ, ਤੇ ਘਰ ਘਰ ਪਰਿਵਾਰ ਕਹਿੰਦੇ ਸਾਡੀ ਬੇਟੀ ਇਹੋ ਜਿਹੀ ਹੋਵੇ। ਜਦ ਸਮਾਜ ਵਿਚ ਵਿਚਾਰ ਰੱਖਣ ਲੱਗ ਜਾਂਦੀਆਂ , ਬੇਸ਼ੁਮਾਰ ਪਰਿਵਾਰ ਕਹਿੰਦੇ ਇਹੋ ਜਿਹੀ ਸੋਚ ਦੇ ਬੱਚੇ ਹੋਣ। ਜਦ ਉਸਨੂੰ ਕੋਈ ਅਹੁਦਾ ਮਿਲ ਜਾਵੇ, ਜਾਂ ਸ਼ਾਨੋਸ਼ੌਕਤ ਨਾਲ ਪ੍ਰਧਾਨ ਮੰਤਰੀ ਸੱਦ ਲੈਣ ਲੋਕ ਵਕਤ ਲੈ ਲੈ, ਆਪਣੀਆਂ ਬੇਟੀਆਂ ਨੂੰ ਮਿਲਵਾਉਣ ਲਿਆਉਂਦੇ। ਦੂਰੋਂ ਤੋਂ ਵੀ ਦੂਰੋਂ। ਸਾਡੇ ਮਾਪੇ ਵੀ ਅੜੀਆਂ ਕਰਦੇ, ਇਹ ਫਲਾਣੇ ਨੇ ਭੋਗ ਤੇ ਫਲਾਣੇ ਨੇ ਵਿਆਹ ਤੇ ਬੁਲਾਇਆ ਹੈ, ਉਸਨੇ ਕਿਹਾ ਜ਼ਰੂਰੀ ਲੈ ਕੇ ਆਉਣਾ ਬੇਟੀ ਨੂੰ। ਜੋ ਮਰਜ਼ੀ ਹੋ ਜਾਏ। ਤੇ ਫੇਰ ਜਦ ਇਹੀ ਬੇਟੀਆਂ ਤੇ ਕਹਿਰ ਟੁੱਟਦਾ ਹੈ, ਉਹ ਆਪਣੇ ਔਖੇ ਵੇਲੇ ਵਿੱਚ ਹੋਣ, ਜ਼ਿੰਦਗੀ ਵਿੱਚ ਕਾਰੋਬਾਰੀ ਜਾਂ ਨਿੱਜੀ ਰਿਸ਼ਤਿਆਂ ਵਿੱਚ ਸੱਟਾਂ ਖਾਣ, ਧੜਾਕ ਥੱਲੇ ਡਿੱਗਣ ਤੇ ਓਹੀ ਲੋਕ ਓਹੀ ਪਰਿਵਾਰ... ਫੇਰ ਸੋਚਦੇ ਹਨ ਇਸ ਵਰਗੀਆਂ ਨਾ ਹੋਣ ਬੇਟੀਆਂ। ਅਸੀਂ ਹਰ ਕਿਸੇ ਦੇ ਚੰਗੇ ਵੇਲੇ ਵਰਗਾ ਆਪਣੇ ਬੱਚੇ ਨੂੰ ਬਣਾਉਣਾ ਚਾਹੁੰਦੇ ਹਾਂ .. ਤੇ ਜਦ ਉਸਦਾ ਵੇਲਾ ਚੰਗਾ ਨਹੀਂ... ਤੇ ਬਦਲ ਕੇ ਹੁਣ ਕਿਸੇ ਹੋਰ ਦੇ ਚੰਗੇ ਵੇਲੇ ਵਰਗਾ... ਅਖੀਰ ਬਣਦਾ ਕੁਝ ਵੀ ਨਹੀਂ ! ਸੁੱਖ ਦਾ ਪਲੜਾ ਭਾਰੀ ਕਰਕੇ .. ਕਦੇ ਵੀ ਦਮਦਾਰ ਕਿਰਦਾਰ ਨਹੀਂ ਬਣਦੇ।
- ਮਨਦੀਪ ਕੌਰ ਟਾਂਗਰਾ

## ਜਦੋ ਨੂੰ ਸੱਚ ਉੱਠ ਕੇ ਨਹਾ ਧੋ ਕੇ ਤਿਆਰ ਹੁੰਦਾ ਉਦੋਂ ਤੱਕ ਝੂਠ ਪੂਰੇ ਪਿੰਡ ਦਾ ਇੱਕ ਗੇੜਾ ਕੱਢ ਆਉਂਦਾ ਪਰ ਅੰਤ ਜਿੱਤਦਾ ਸੱਚ ਹੀ ਹਾਂ।



ਜਦੋ ਨੂੰ ਸੱਚ ਉੱਠ ਕੇ ਨਹਾ ਧੋ ਕੇ ਤਿਆਰ ਹੁੰਦਾ ਉਦੋਂ ਤੱਕ ਝੂਠ ਪੂਰੇ ਪਿੰਡ ਦਾ ਇੱਕ ਗੇੜਾ ਕੱਢ ਆਉਂਦਾ ਪਰ ਅੰਤ ਜਿੱਤਦਾ ਸੱਚ ਹੀ ਹਾਂ।

ਅੱਜ ਜੇਕਰ ਪੂਰੀ ਦੁਨੀਆਂ ਦੀ ਸਥਿਤੀ ਦੇਖੀ ਜਾਵੇ ਤਾਂ ਵੈਸਟ ਦੇ ਹੱਥੋਂ ਪਾਵਰ ਰੂਸ ਤੇ ਚੀਨ ਕੋਲ ਆ ਰਹੀ ਹੈ।

ਪੂਰੀ ਦੁਨੀਆਂ ਵਿੱਚ ਅਸੀਂ ਕਿੱਥੇ ਖੜ੍ਹੇ ਆ ??

ਜੀਉ ਪੋਲੀਟਿਕਸ ਵਿੱਚ ਭਾਰਤ ਦੀ ਕੀ ਸਥਿਤੀ ਆ ??

ਅਸੀ ਨਿੰਮ ਦੇ ਦਰੱਖਤ ਥੱਲੇ ਮੂੰਹ ਖੋਲੀ ਪਏ ਆ ਕੇ ਉੱਤੇ ਸਿੱਧਾ ਬੇਰ ਸਾਡੇ ਮੂੰਹ ਵਿੱਚ ਡਿੱਗ ਪਏ । ਜਿਹੜਾ ਕਿ ਬਿਲਕੁਲ ਹੀ ਮੁਮਕਿਨ ਨਹੀਂ। ਪਹਿਲੀ ਗੱਲ ਨਿੰਮ ਤੋ ਬੇਰ ਡਿੱਗ ਨਹੀਂ ਸਕਦਾ ਤੇ ਦੂਜੀ ਗੱਲ ਮੂੰਹ ਵਿਚ ਬੇਰ ਪਾਉਣ ਲਈ ਬੇਰੀ ਤੇ ਚੜ੍ਹਨਾ ਪੈਣਾ ਜਾ ਫ਼ੇਰ ਡਲੇ ਮਾਰਨੇ ਪੈਣੇ ਹਨ ਜਿਹੜਾ ਸਾਡੇ ਹੱਥ ਵੱਸ ਲੱਗ ਨਹੀਂ ਰਿਹਾ। ਸਾਡੇ ਦੇਸ਼ ਦੀ ਹਾਲਤ ਬਹੁਤ ਪਤਲੀ ਪੈ ਚੁੱਕੀ ਆ ਕਿਉਕਿ ਸਾਡੇ ਲੀਡਰਾਂ ਦਾ ਦ੍ਰਿਸ਼ਟੀਕੋਣ ਜ਼ੀਰੋ ਆ ।

1. ਅਗਲਿਆਂ ਨੇ ਧੋਣ ਤੇ ਗੋਡਾ ਧਰਕੇ ਟ੍ਰੇਡ ਡੀਲ ਕਰਵਾਈ ਪਰ ਸਾਡੀ ਸਰਕਾਰ ਨੇ ਟ੍ਰੇਡ ਡੀਲ ਬਾਰੇ ਇੱਕ ਵੀ ਬਿਆਨ ਨਹੀਂ ਦਿੱਤਾ । ਕਿਉਂਕਿ ਵੋਟਾਂ ਤਾਂ ਇਹ ਕਹਿ ਕੇ ਮਿਲ ਜਾਣਗੀਆਂ ਵੀ ਧਰਮ ਖ਼ਤਰੇ ਵਿਚ ਹੈ।

2. ਐਪਸਟੀਨ ਫਾਈਲਜ਼ ਵਿੱਚ ਸਾਡੇ ਪ੍ਰਧਾਨ ਮੰਤਰੀ, ਅਨਿਲ ਅੰਬਾਨੀ, ਹਰਦੀਪ ਪੁਰੀ ਇਹਨਾਂ ਦੇ ਨਾਮ ਤੱਕ ਆ ਗਏ ਪਰ ਕੋਈ ਬੋਲਿਆ ਨਹੀ । ਹੁਣ 90% ਪੰਜਾਬੀਆਂ ਨੂੰ ਐਪਸਟੀਨ ਦਾ ਵੀ ਨਹੀਂ ਪਤਾ ਹੋਣਾ । ਜਿਹੜੇ ਦੁਨੀਆਂ ਦੇ ਆਈਡਲ ਬਿੱਲ ਗੇਟਸ, ਸਟੀਫਨ ਹਾਕਿੰਗ ਉਹ ਵੀ ਫਸੇ ਫਿਰਦੇ ਆ । ਫਸਣਗੇ ਸਾਡੇ ਆਲੇ ਵੀ ।

3. ਸੈਨਾ ਦੇ ਮੁਖੀ ਨੇ ਜਿਹੜੀ ਕਿਤਾਬ ਲਿਖੀ ਆ ਉਹਦੇ ਸਵਾਲਾਂ ਦੇ ਜਵਾਬ.........


ਝੂਠ ਦੇ ਗੇੜੇ ਖ਼ਤਮ ਹੋਗੇ ਪਰ ਜਿੱਥੇ ਧਰਮ, ਪਾਖੰਡਵਾਦ ਅਤੇ ਅੰਧ ਵਿਸ਼ਵਾਸ ਦਾ ਬੋਲ ਬਾਲਾ ਹੋਵੇ ਓਥੇ ਝੂਠ ਇੱਕ ਦੋ ਗੇੜੇ ਹੋਰ ਕੱਢ ਸਕਦਾ ।

## ਸ਼ਬਦ ਹੀ ਇੱਜ਼ਤ ਵਧਾਉਂਦੇ ਨੇ, ਵਰਨਾ ਹਾਂਜੀ ਤੇ ਹਾਂ ਦਾ ਮਤਲਬ ਇੱਕੋ ਹੀ ਹੁੰਦਾ ਹੈ।

**ਹਰਵਿੰਦਰ ਕੌਰ ਕਾਹਲੋਂ**


ਸ਼ਬਦ ਹੀ ਇੱਜ਼ਤ ਵਧਾਉਂਦੇ ਨੇ, ਵਰਨਾ ਹਾਂਜੀ ਤੇ ਹਾਂ ਦਾ ਮਤਲਬ ਇੱਕੋ ਹੀ ਹੁੰਦਾ ਹੈ।

ਬੋਲਣ ਲੱਗੇ ਸਹੀ ਸ਼ਬਦਾਂ ਦਾ ਇਸਤੇਮਾਲ ਇਨਸਾਨ ਦੀ ਪਰਖ ਕਰਾਉਂਦਾ ਹੈ ਕਿ ਇਨਸਾਨ ਕਿੰਨੇ ਕੁ ਗੁਣਾਂ ਤੇ ਹਲੀਮੀ ਨਾਲ ਭਰਪੂਰ ਹੈ। ਚੰਗਾ ਅਤੇ ਅਦਬ ਨਾਲ ਬੋਲਣਾ ਸਮਾਜ ਵਿੱਚ ਅਤੇ ਅਗਲੇ ਇਨਸਾਨ ਦੇ ਦਿਲ ਵਿੱਚ ਇਨਸਾਨ ਦਾ ਸਤਿਕਾਰ ਅਤੇ ਕਿਰਦਾਰ ਦੋਵਾਂ ਨੂੰ ਉੱਚਾ ਕਰਦਾ ਹੈ ਤਾਂ ਹੀ ਕਈ ਵਾਰ ਸੁਣਨ ਨੂੰ ਮਿਲਦਾ ਹੈ ਕਿ ਫਲਾਣਾ ਮਿਲਿਆ ਓਹਦੇ ਬੋਲਾਂ ਵਿੱਚੋਂ ਸ਼ਹਿਦ ਚੋ ਚੋ ਪੈਂਦਾ ਸੀ,ਏਨੀ ਮਿਠਾਸ ਅਤੇ ਗੱਲ ਕਰਨ ਦੀ ਏਨੀ ਲਿਆਕਤ ,ਤੇ ਜੇਕਰ ਕੋਈ ਅੱਖੜ ਸੁਭਾਅ ਦਾ ਮਿਲ ਜਾਵੇ ਤਾਂ ਓਹਦੇ ਬਾਰੇ ਕੀ ਨਜ਼ਰੀਆ ਹੁੰਦਾ



ਬਈ ਫਲਾਣੇ ਨੂੰ ਤਾਂ ਗੱਲ ਕਰਨ ਦੀ ਬਿਲਕੁੱਲ ਤਮੀਜ਼ ਨਹੀਂ ,ਸਾਰਾ ਮੂਡ ਖ਼ਰਾਬ ਕਰ ਦਿੱਤਾ ਮੇਰਾ ,ਗੱਲ ਇੱਕੋ ਹੁੰਦੀ ਬਸ ਤਰੀਕੇ ਅਲੱਗ ਅਲੱਗ ਨੇ ਕਿਸੇ ਨੇ ਓਸੇ ਗੱਲ ਨੂੰ ਸੋਹਣੇ ਲਫਜ਼ਾਂ ਅਤੇ ਹਲੀਮੀ ਵਿੱਚ ਕਿਹਾ ਤੇ ਉਸਦੇ ਓਹ ਮਿੱਠੇ ਬੋਲ ਸੁਣਨ ਵਾਲੇ ਦਾ ਦਿਲ ਜਿੱਤ ਕੇ ਲੈ ਗਏ ,ਓਹ ਉਸਦੀ ਪ੍ਰਸੰਸਾ ਥਾਂ ਥਾਂ ਕਰੂ ਅਤੇ ਦੂਜੇ ਦੇ ਬੋਲ ਜਿਸਨੇ ਸਹੀ ਲਹਿਜ਼ੇ ਵਿੱਚ ਗੱਲ ਨਹੀਂ ਕੀਤੀ ਓਹਦੇ ਰੜਕਦੇ ਵੀ ਰਹਿਣਗੇ ਅਤੇ ਅੱਗੇ ਤੋਂ ਉਸ ਇਨਸਾਨ ਨੂੰ ਲੋਕ ਮੂੰਹ ਲਾਉਣ ਤੋਂ ਵੀ ਝਿਜਕਣਗੇ। ਮੈਨੂੰ ਅਕਸਰ ਕਈ ਵਾਰੀ ਕੁੱਝ ਕੰਮਾਂਕਾਰਾਂ ਲਈ ਦਫ਼ਤਰਾਂ ਵਿੱਚ ਜਾਣਾ ਪੈਂਦਾ ਮੈਂ ਨਾ ਬਸ ਇੱਕੋ ਹੀ ਮਨ ਵਿੱਚ ਡਰ ਲੈਕੇ ਜਾਉਂ ਕਿ ਪਤਾ ਨਹੀਂ ਕਿਵੇਂ ਦਾ ਵਿਵਹਾਰ ਹੋਵੇਗਾ,ਮੈਂ ਆਪਣੀ ਗੱਲ ਓਨੀ ਦੇਰ ਤੱਕ ਅਗਲੇ ਦੇ ਅੱਗੇ ਰੱਖਣੀ ਨਹੀਂ ਜਿੰਨੀ ਦੇਰ ਤੱਕ ਅਗਲਾ ਫ੍ਰੀ ਨਾ ਹੋ ਜਾਵੇ ਤਾਂਕਿ ਅਗਲਾ ਕਿਤੇ ਖਿੱਝਕੇ ਨਾ ਗੱਲ ਕਰੇ ਤੇ ਮੇਰੇ ਵਰਗੀ ਦੀ ਬੇਇੱਜ਼ਤੀ ਨਾ ਹੋ ਜਾਵੇ,ਕਿਉਂਕਿ ਕਈ ਵਾਰ ਦਫ਼ਤਰੀ ਕਰਮਚਾਰੀ ਸਾਰਾ ਦਿਨ ਕੰਮ ਕਾਰ ਕਰਕੇ ਖਿੱਝੇ ਪੈਂਦੇ ਹਨ,ਪਰ ਕਈ ਕੰਮਕਾਰ ਕਰਦੇ ਹੋਏ ਵੀ ਬੜੇ ਸੋਹਣੇ ਤਰੀਕੇ ਨਾਲ ਗੱਲ ਵੀ ਕਰਦੇ ਹਨ ਅਤੇ ਅਗਲੇ ਨੂੰ ਸਹੀ ਗਾਈਡ ਵੀ ਕਰਦੇ ਹਨ ,ਮੈਂ ਇਹ ਚੀਜ਼ਾਂ ਬਹੁਤ ਨੋਟ ਕਰਦੀ ਹਾਂ ਕਿ ਇਨਸਾਨ ਦਾ ਗੱਲਬਾਤ ਦਾ ਰਵੱਈਆ ਕਿਵੇਂ ਦਾ ਹੈ, ਗੱਲ ਤੇ ਫੇਰ ਓਥੇ ਆ ਗਈ ਇੱਕ ਦਫ਼ਤਰ ਵਿੱਚ ਬੈਠੇ ਇਨਸਾਨ ਨੇ ਕੰਮ ਹੋਣ ਦੇ ਬਾਵਜੂਦ ਗੱਲ ਨੂੰ ਸੁਣਿਆ ਤੇ ਹੱਲ ਕੀਤਾ ਤੇ ਕੋਈ ਮਾੜਾ ਵਰਤਾਵ ਨਹੀਂ ਕੀਤਾ,ਦੂਜਾ ਖਿੱਝਕੇ ਪੈ ਗਿਆ ਬਾਕੀ ਖੜ੍ਹੇ ਲੋਕਾਂ ਸਾਹਮਣੇ ਇੱਕ ਗੱਲ ਪੁੱਛਣ ਤੇ ਬੇਇੱਜ਼ਤ ਕਰਕੇ ਰੱਖ ਦਿੱਤਾ ਪਰ ਸੋਭਾ ਕਿਸ ਨੇ ਖੱਟੀ ਚੰਗੇ ਵਿਹਾਰ ਵਾਲੇ ਨੇ ,ਵਡਿਆਈ ਕਿਸਦੀ ਹੋਈ ਮਿੱਠੀ ਬੋਲੀ ਅਤੇ ਚੰਗੇ ਵਿਹਾਰ ਦੀ। ਕਹਿਣ ਦਾ ਭਾਵ ਸਾਡਾ ਬੋਲ ਚਾਲ ਤੇ ਵਿਹਾਰ ਹਮੇਸ਼ਾਂ ਲਈ ਸੁਣਨ ਵਾਲੇ ਦੇ ਦਿਲ ਤੇ ਡੂੰਘੀ ਛਾਪ ਛੱਡਦਾ ਹੈ , ਘੱਟਦਾ ਕਿਸੇ ਦਾ ਵੀ ਕੁੱਝ ਨਹੀਂ ਬਸ ਬੋਲਣ ਤੋਂ ਪਹਿਲਾਂ ਤੋਲਣ ਦੀ ਆਦਤ ਪਾ ਲਈਏ ਤਾਂ ਇਹ ਸੌਦਾ ਫਾਇਦੇ ਦਾ ਹੀ ਹੁੰਦਾ ਹੈ। ਮੇਰੀ ਇੱਕ ਖਾਸ ਰਿਸ਼ਤੇਦਾਰ ਆ ਮੈਂ ਜਦੋਂ ਕਿਤੇ ਫੋਨ ਕਰਨਾ ਓਹਨੇ ਕਹਿਣਾ ਹੁੰਦਾ, "ਹਾਂ ਦੱਸ "? ਮੇਰੇ ਤੋਂ ਕਾਫ਼ੀ ਛੋਟੇ ਹੋਕੇ ਵੀ ਇਹਨਾਂ ਲਫਜ਼ਾਂ ਤੋਂ ਅਗਲੀ ਗੱਲ ਸ਼ੁਰੂ ਕਰਨੀ ਹੁੰਦੀ ਹੈ,ਹੋ ਸਕਦਾ ਕਦੀ ਉਸਨੇ ਇਸ ਚੀਜ਼ ਤੇ ਵਿਚਾਰ ਨਾ ਕੀਤਾ ਹੋਵੇ ਪਰ ਸੁਣਨ ਵਿੱਚ ਬਹੁਤ ਵਾਰ ਇਹ ਗੱਲ ਖਟਕਦੀ ਹੈ ਕਿ ਬੋਲ ਹੀ ਇਨਸਾਨ ਦੀ ਪਹਿਚਾਣ ਬਣ ਜਾਂਦੇ ਹਨ। ਸਾਨੂੰ ਘਰ ਵਿੱਚ ਵੀ ਅਤੇ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਚੰਗਾ ਵਿਹਾਰ ਜਰੂਰ ਸਿਖਾਉਣਾ ਚਾਹੀਦਾ ਹੈ ਕਈ ਵਾਰ ਬੱਚਿਆਂ ਵਿੱਚ ਵੀ ਬੋਲਚਾਲ ਦੀਆਂ ਓਹੋ ਆਦਤਾਂ ਵਿਕਸਿਤ ਹੋ ਜਾਂਦੀਆਂ ਹਨ ਜੋਕਿ ਓਹ ਆਪਣੇ ਆਸ ਪਾਸ ਅਤੇ ਪਰਿਵਾਰ ਵਿੱਚੋਂ ਸੁਣਦੇ ਹਨ । ਸੋਹਣੇ ਬੋਲ ਇਨਸਾਨ ਦੇ ਕਿਰਦਾਰ ਨੂੰ ਚਾਰ ਚੰਨ ਲਗਾ ਦਿੰਦੇ ਹਨ ਅਤੇ ਇਹ ਇਨਸਾਨ ਦਾ ਗਹਿਣਾ ਹੁੰਦਾ ਹੈ । ਕਹਿੰਦੇ ਹਨ ਨਾ ਕਿ ਇਨਸਾਨ ਆਪਣੀਆਂ ਗੱਲਾਂ ਦਾ ਖੱਟਿਆ ਖਾਂਦਾ ਹੈ ਸੋ ਓਹ ਬੋਲ ਬੋਲੀਏ ਜੋਕਿ ਅਗਲੇ ਦੇ ਦਿਲ ਵਿੱਚ ਚੰਗੀ ਛਾਪ ਛੱਡਣ।
ਲੇਖਕ :- ਹਰਵਿੰਦਰ ਕੌਰ ਕਾਹਲੋਂ


## ਐ ਜੋ ਵੱਡੀਆਂ ਦਾਤਾਂ ਨਾ ਨਿਵਾਜੀ ਹੋਈ ਆਂ,ਮੈਂ ਖਾਸ ਉਸ ਤਰਫੋਂ ਸਾਜੀ ਹੋਈ ਆਂ !



ਐ ਜੋ ਵੱਡੀਆਂ ਦਾਤਾਂ ਨਾ ਨਿਵਾਜੀ ਹੋਈ ਆਂ,ਮੈਂ ਖਾਸ ਉਸ ਤਰਫੋਂ ਸਾਜੀ ਹੋਈ ਆਂ !
ਜਿਸ ਰਾਹ ਤੋਰਿਆ ਬਾਂਹ ਫੜ ਉਸ ਮੈਨੂੰ,
ਸਿਰ ਸਿੱਟ ਤੁਰਨ ਲਈ ਰਾਜੀ ਹੋਈ ਆਂ !
ਦੁਨੀਆਂ ਭਾਲੇ ਕਾਰਨ ਕੀਕਣ ਮੈਂ ਇਸ ਕਦਰ ,ਕ੍ਰਿਸ਼ਮਈ ਕਾਮਯਾਬੀ ਹੋਈ ਆਂ !
ਜਿਨ੍ਹੂੰ ਵਿਸ਼ਵਾਸ ਰੱਖ ਚੱਲਣਾ ਸਾਡੇ ਨਾ ਹੋ ਗਿਆ ਗਵਾਰਾ,ਉਸ ਲਈ ਸਫਲਤਾ ਦੀ ਚਾਬੀ ਹੋਈ ਆਂ !
ਹਥੇਲੀ ਉੱਤੇ ਰੱਖਿਆ ਨ੍ਹੀ ਉਨ੍ਹੀ ਬਣਦਾ ਸੀ ਮੇਰਾ ਜੋ ਹੱਕ, ਕੈਦ ਵਿੱਚ ਰਹਿੰਦੇ ਹੋਏ ਅਜਾਦੀ ਹੋਈ ਆਂ !
ਅੜਿਆ-ਝੜਿਆ ਸਮਝਾਏ ਨਾ ਜੋ ਡਰਿਆ,
ਅਫਸੋਸ ਕਿ ਬੁਰੀ ਉਸ ਲਈ ਬਰਬਾਦੀ ਹੋਈ ਆਂ !
ਕਿਸੇ ਛੱਡ ਤੁਰੇ ਨਾਲ ਸ਼ਿਕਵਾ ਨਾ ਪਰਤ ਆਏ ਤਈਂ ਮਲਾਲ,ਸਗੋਂ ਦਿਨ ਬ ਦਿਨ ਤੇਜ ਮਤਾਬੀ ਹੋਈ ਆਂ !
ਹਰ ਪਲ ਚੜ੍ਹੀ ਰਹਿੰਦੀ ਸਾਨੂੰ ਰਹਿਮਤਾਂ ਦੀ ਲੋਰ,ਪਰ ਲੋਕ ਸੋਚਣ ਖੋਰੇ ਮੈਂ ਸ਼ਰਾਬੀ ਹੋਈ ਆਂ !
ਬੁਲੰਧੀਆਂ ਨੂੰ ਛੋਹਵਾਂ ਸ਼ਾਲਾ ! ਮੇਹਰ ਉਦ੍ਹੀ ਹੋਵੇ,
ਕਿ ਮੰਜਿਲ ਤੱਕ ਪਹੁੰਚਣ ਲਈ ਬੇਤਾਬੀ ਹੋਈ ਆਂ !
ਰਣਜੀਤ ਲੰਮੇਰਾ ਅਰਸਾ ਸਹਿ ਕੇ ਦੁੱਖ ਬਿਨ ਵਜ੍ਹਾ ਪਿੰਡੇ,ਅਖੀਰ ਫਾਲਤੂ ਝਮੇਲਿਆਂ ਤੋਂ ਬਾਗੀ ਹੋਈ ਆਂ !
ਲੇਖਕ :— ਰਣਜੀਤ ਕੌਰ ਟੂਰਾਂਟੋ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਮੁਹੱਬਤ ( ਵੈਲਨਟਾਈਨ ਡੇ ਤੇ ਲਿਖੀ ਰਚਨਾ )



ਅੱਜ ਮੁਹੱਬਤ ਦੇ ਇਜ਼ਹਾਰ ਦਾ ਦਿਨ ਹੈ। ਇਨਸਾਨ ਦੀ ਜ਼ਿੰਦਗੀ ਵਿੱਚ ਪੰਜ ਚੋਰਾਂ ਦਾ ਜ਼ਿਕਰ ਹੈ ਜੋ ਉਸ ਦੇ ਸ਼ੁਭ ਗੁਣਾਂ ਨੂੰ ਚੁਰਾਉਣ ਦੀ ਤਾਕ ਵਿੱਚ ਰਹਿੰਦੇ ਹਨ ਉਹ ਹਨ_ ਕਾਮ, ਕ੍ਰੋਧ,ਲੋਭ,ਮੋਹ ਅਤੇ ਅਹੰਕਾਰ। ਮੇਰੇ ਵਿਚਾਰ ਅਨੁਸਾਰ ਇਨ੍ਹਾਂ ਪੰਜਾਂ ਵਿੱਚੋਂ ਸਭ ਤੋਂ ਖ਼ਤਰਨਾਕ ਮੋਹ ਹੀ ਹੈ, ਕਿਉਂਕਿ ਮੋਹ ਵੱਸ ਹੋ ਕੇ ਹੀ ਕੋਈ ਮਨੁੱਖ ਦੂਜੇ ਚੋਰਾਂ ਦੇ ਵੱਸ ਪੈਂਦਾ ਹੈ ਮੋਹ ਕਰਕੇ ਆਪਣਿਆਂ ਲਈ ਕਾਮਨਾਵਾਂ, ਆਪਣਿਆਂ ਦੀ ਤਰੱਕੀ ਲਈ, ਕਾਮਨਾਵਾਂ ਦੀ ਪੂਰਤੀ ਲਈ ਜਦੋਂ ਕੋਈ ਸਹਿਯੋਗ ਨਾ ਦੇਵੇ ਤਾਂ ਕ੍ਰੋਧ, ਆਪਣਿਆਂ ਲਈ ਹੀ ਵਸਤੂਆਂ ਇਕੱਠੀਆਂ ਕਰਨ ਦਾ ਲੋਭ, ਆਪਣੀ ਵਧੀ ਹੋਈ ਪ੍ਰਸਿੱਧੀ,ਮਾਨ ਸਨਮਾਨ ਪ੍ਰਾਪਤੀਆਂ ਦਾ ਹੰਕਾਰ। ਮੋਹ ਦੇ ਚਿੱਕੜ ਵਿੱਚ ਫਸ ਕੇ ਹੀ ਇਨਸਾਨ ਐਸੀ ਦਲਦਲ ਵਿੱਚ ਧਸ ਜਾਂਦਾ ਹੈ ਜਿੱਥੋਂ ਉਹ ਚਾਹ ਕੇ ਵੀ ਨਹੀਂ ਨਿੱਕਲ ਸਕਦਾ।ਇਸ ਲਈ ਜੇਕਰ ਕੋਈ ਕਿਸੇ ਕਾਰਨ ਤੁਹਾਨੂੰ ਆਪਣੇ ਆਪ ਨਾਲੋਂ ਅਲੱਗ ਕਰ ਰਿਹਾ ਹੈ, ਤਾਂ ਕੁਦਰਤ ਦਾ ਸ਼ੁਕਰਾਨਾ ਕਰੋ ਕਿ ਉਸ ਨੇ ਤੁਹਾਡੇ ਮੋਹ ਦੀ ਇੱਕ ਤੰਦ ਕੱਟ ਦਿੱਤੀ। ਕਹਿੰਦੇ ਹਨ ਕਿ ਇੱਕ ਨਦੀ ਵਹਿ ਰਹੀ ਸੀ , ਧੁੰਦਲਕੇ ਜਿਹੇ ਵਿੱਚ ਕਿਸੇ ਆਦਮੀ ਨੂੰ ਲੱਗਿਆ ਕਿ ਨਦੀ ਵਿੱਚ ਕੰਬਲ਼ ਵਹਿੰਦਾ ਜਾ ਰਿਹਾ ਹੈ। ਉਸ ਨੇ ਨਾਲ ਦੇ ਸਾਥੀ ਨੂੰ ਕਿਹਾ ਕਿ ਸਰਦੀ ਵਿੱਚ ਕੰਮ ਆਵੇਗਾ , ਮੈਂ ਕੰਬਲ਼ ਕੱਢ ਲਿਆਵਾਂ। ਇਹ ਸੋਚ ਕੇ ਉਸਨੇ ਨਦੀ ਵਿੱਚ ਛਾਲ ਮਾਰ ਦਿੱਤੀ। ਉਹ ਨਦੀ ਵਿੱਚ ਹੱਥ ਪੈਰ ਮਾਰੇ। ਬਾਹਰੋਂ ਸਾਥੀ ਨੇ ਅਵਾਜ਼ ਮਾਰੀ ਕਿ ਹੁਣ ਕੰਬਲ਼ ਕੱਢ ਕੇ ਬਾਹਰ ਆ ਜਾਹ ਤਾਂ ਨਦੀ ਵਿੱਚੋਂ ਦੂਜਾ ਬੋਲਿਆ ਕਿ ਮੈਂ ਤਾਂ ਬਥੇਰਾ ਬਾਹਰ ਆ ਜਾਵਾਂ ਮੈਨੂੰ ਹੁਣ ਕੰਬਲ਼ ਹੀ ਨਹੀਂ ਛੱਡਦਾ ,ਅਸਲ ਵਿੱਚ ਉਹ ਪਾਣੀ ਤੇ ਜੰਮੀ ਕਾਈ ਸੀ ਜੋ ਇੱਕ ਥਾਂ ਇਕੱਠੀ ਹੋ ਕੇ ਹਨੇਰੇ ਵਿੱਚ ਕਾਲੇ ਕੰਬਲ ਦਾ ਭੁਲੇਖਾ ਪਾ ਰਹੀ ਸੀ। ਭਾਵੇਂ ਮੋਹ, ਮੁਹੱਬਤ ਪਿਆਰ ਦੇ ਸਹਾਰੇ ਹੀ ਦੁਨੀਆਂ ਚੱਲਦੀ ਹੈ , ਬਾਣੀ ਵਿੱਚ ਵੀ ਆਇਆ ਹੈ ਕਿ ਜਿਨ ਪ੍ਰੇਮ ਕੀਓ,ਤਿਨ ਹੀ ਪ੍ਰਭ ਪਾਇਓ। ਪ੍ਰੇਮ ਦਾ ਦਾਇਰਾ ਸਿਰਫ਼ ਆਪਣਿਆਂ ਤੱਕ ਹੀ ਸੀਮਤ ਰੱਖਣਾ ਮਤਲਬ ਮੋਹ ਦੇ ਚਿੱਕੜ ਵਿੱਚ ਫਸਨਾ। ਜਦੋਂ ਇਹ ਦਾਇਰਾ ਵਿਸ਼ਾਲ ਹੋ ਗਿਆ ਤਾਂ ਫਿਰ "ਬੁੱਲਿਆ ਰੱਬ ਦਾ ਕੀ ਪਾਉਣਾ, ਇੱਧਰੋਂ ਪੁੱਟਣਾ ਉੱਧਰ ਲਾਉਣਾ" ਵਾਲੀ ਗੱਲ ਹੈ। ਇਸ਼ਕ ਕਰਨ ਵਾਲਾ ਆਸ਼ਕ ਜੇ ਸੱਚ ਮੁੱਚ ਇਸ਼ਕ ਕਰਦਾ ਹੈ ਤਾਂ ਉਸ ਨੂੰ ਅਲਹਿਦਾ ਕਿਸੇ ਰੱਬ ਨੂੰ ਪੂਜਣ ਦੀ ਲੋੜ ਨਹੀਂ ਪੈਂਦੀ ਉਹ ਆਪਣੇ ਪਿਆਰੇ ਚੋਂ ਹੀ ਰੱਬ ਦਾ ਦੀਦਾਰ ਕਰ ਲੈਂਦਾ ਹੈ ਤੇ ਕੁਦਰਤ ਦੀ ਹਰੇਕ ਚੀਜ਼ ਚੋਂ ਉਸ ਨੂੰ ਪਿਆਰੇ ਦੀ ਝਲਕ ਪੈਂਦੀ ਹੈ ਤਾਂ ਉਹ ਹਵਾ, ਪਾਣੀਆਂ ਨੂੰ ਦੂਸ਼ਿਤ ਨਹੀਂ ਕਰੇਗਾ, ਰੁੱਖਾਂ ਤੇ ਕੁੱਖਾਂ ਦੀ ਕਦਰ ਕਰੇਗਾ, ਆਕਾਸ਼ਾਂ ਪਾਤਾਲਾਂ ਵਿਚ ਆਪਣੇ ਕੋਝੇ ਪ੍ਰੀਖਣਾਂ ਨਾਲ ਕੁਦਰਤੀ ਤੌਰ ਤੇ ਛੇੜਛਾੜ ਨਹੀਂ ਕਰੇਗਾ ਆਪਣੇ ਦੋ ਪਲ ਦੇ ਪ੍ਰੇਮ ਇਜ਼ਹਾਰ ਲਈ ਬੇਕਸੂਰ ਲੱਖਾਂ ਗੁਲਾਬਾਂ ਦੀ ਮਹਿਕ ਤੋਂ ਧਰਤੀ ਨੂੰ ਸੱਖਣਾ ਨਹੀਂ ਕਰੇਗਾ। ਜਿਸਮਾਨੀ ਪਿਆਰ ਕਰਨ ਵਾਲੇ ਮਤਲਬ ਮੋਹ ਦੇ ਬੰਧਨਾਂ ਵਿੱਚ ਫਸ ਕੇ ਆਪ ਨੂੰ ਬੰਧਾਉਣ ਵਾਲੇ। ਰੂਹਾਨੀ ਰੰਗ ਵਿੱਚ ਰੰਗੇ ਹੋਏ ਇਨਸਾਨ ਦੀ ਫ਼ਿਤਰਤ ਹੀ ਹੋਰ ਹੈ ਮਜਨੂੰ ਨੂੰ ਤਾਂ ਉਹ ਕੁੱਤਾ ਵੀ ਬਹੁਤ ਪਿਆਰਾ ਸੀ ਜੋ ਉਸ ਦੀ ਮਹਿਬੂਬਾ ਦੀ ਗ਼ਲੀ ਵਿੱਚ ਰਹਿੰਦਾ ਸੀ। ਭਾਵੇਂ ਮੋਹ, ਮਮਤਾ, ਮੁਹੱਬਤ, ਇਸ਼ਕ, ਇੱਕ ਮਾਇਆ ਦਾ ਜਾਲ਼ ਹੈ, ਪਰ ਜੇ ਇਸ ਦੀ ਦਿਸ਼ਾ ਬਦਲ ਜਾਵੇ ਤਾਂ ਇਹ ਹੀ ਮੁਕਤੀ , ਭਗਤੀ,ਯੋਗ ਤੇ ਜੁਗਤੀ ਵੀ ਹੈ। ਧੰਨਵਾਦ ਜੀਓ!

੦ਰਜਨੀਸ਼ ਕੌਰ, ਬਰਨਾਲਾ, ਪੰਜਾਬ।

## ਮੁਹੱਬਤ (ਲੇਖਕ : ਰਾਜਵਿੰਦਰ ਕੌਰ ਜਟਾਣਾ।)



ਮੁਹੱਬਤ ਉਹ ਨੂਰ ਹੈ
ਜੋ ਅੱਖਾਂ ਵਿਚ ਨਹੀਂ, ਰੂਹ ਵਿਚ ਚਮਕਦਾ ਹੈ।
ਇਹ ਛੂਹ ਕੇ ਨਹੀਂ, ਮਹਿਸੂਸ ਕਰ ਕੇ ਪਲਦਾ ਹੈ,
ਹਰ ਸਾਹ ਨਾਲ ਖਾਮੋਸ਼ ਦੁਆ ਬਣ ਜਾਂਦਾ ਹੈ।
ਮੁਹੱਬਤ ਵਿਚ ਲਫ਼ਜ਼ ਘੱਟ ਪੈ ਜਾਂਦੇ ਨੇ,
ਨਜ਼ਰਾਂ ਹੀ ਸਾਰਾ ਕਹਿ ਜਾਂਦੀਆਂ ਨੇ।
ਇਸ ਵਿਚ ਟੁੱਟਣਾ ਵੀ ਹਾਰ ਨਹੀਂ ਹੁੰਦਾ,
ਕਿਉਂਕਿ ਹਰ ਟੁੱਟਣ ਵਿਚ ਵੀ ਇੰਤਜ਼ਾਰ ਜਿਓਂਦਾ ਹੈ।
ਮੁਹੱਬਤ ਕੋਈ ਵਾਅਦਾ ਨਹੀਂ—ਇਕ ਯਕੀਨ ਹੈ,
ਜੋ ਹਰ ਹਾਲਤ ਵਿਚ ਸਾਥ ਨਿਭਾਉਂਦਾ ਹੈ।
ਜਿੱਥੇ "ਮੈਂ" ਮੁੱਕ ਜਾਂਦੀ ਹੈ,
ਉਥੇ ਮੁਹੱਬਤ ਆਪਣਾ ਅਸਲੀ ਰੰਗ ਵਿਖਾਉਂਦੀ ਹੈ।
ਮੁਹੱਬਤ ਵਿਚ ਸ਼ਿਕਾਇਤ ਵੀ ਇਬਾਦਤ ਲੱਗਦੀ ਹੈ,
ਦੂਰੀ ਵੀ ਨਜ਼ਦੀਕੀਆਂ ਸਿਖਾ ਜਾਂਦੀ ਹੈ।
ਜਿੱਥੇ ਅਹੰਕਾਰ ਮੁੱਕ ਜਾਂਦਾ ਹੈ,
ਉਥੋਂ ਮੁਹੱਬਤ ਦੀ ਸ਼ੁਰੂਆਤ ਹੁੰਦੀ ਹੈ।

ਲੇਖਕ : ਰਾਜਵਿੰਦਰ ਕੌਰ ਜਟਾਣਾ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਬੋਲ**

ਬੋਲਾਂ ਦੀ ਕੀਮਤ ਮੁਹੱਬਤ ਜਾਂ ਦੁਸ਼ਮਣੀ ਚੰਗੀ ਤਰਾਂ ਜਾਣਦੀ ਹੈ। ਪਿਆਰ 'ਚ ਲੰਬਰੇਜ਼ ਬੋਲ ਚੁਫੇਰੇ ਮਹਿਕਾਂ ਖਲੇਰਦੇ ਨੇ। ਨਫ਼ਰਤੀ ਬੋਲਾਂ ਨੇ ਰਿਸ਼ਤਿਆਂ ਦੀਆਂ ਦੂਰੀਆਂ ਦੀ ਵਾਟ ਲੰਬੇਰੀ ਕਰ ਦੇਣੀ ਹੁੰਦੀ ਹੈ॥ ਬੋਲਾਂ 'ਚ ਦਮ। ਮੰਜ਼ਿਲ ਫਿਕਸ। ਮਨ ਸਾਫ। ਮਿਹਨਤੀ ਜ਼ਜਬਾ । ਤੁਰੇ ਰਹਿਣ ਦੀ ਤਮੰਨਾ। ਦੁਨੀਆਂ ਸਲਾਮਾਂ ਕਰਨ ਲਈ ਤਿਆਰ ਬਰ ਤਿਆਰ ਹੁੰਦੀ ਹੈ॥ ਮਿੱਠੜੇ ਬੋਲ। ਮਨ ਨੀਵਾਂ। ਮੱਤ ਉੱਚੀ। ਦੁਨੀਆਂ ਲੱਗੇ ਆਪਣੀ। ਜ਼ਿੰਦਗੀ ਛੜੱਪੇ ਮਾਰਦੀ ਆਨੰਦਮਈ ਹੀ ਲੰਘਣੀ ਹੈ॥

**ਚੁੱਪ**

ਜਦੋਂ ਚੁੱਪ ਰਹਿਣਾ ਆ ਗਿਆ ਤਾਂ ਬੋਲਣਾਂ ਤਾਂ ਸਿੱਖ ਹੀ ਜਾਵੋਂਗੇ। ਚੁੱਪ ਦੀ ਭਾਸ਼ਾ ਆ ਜਾਵੇ ਤਾਂ ਮਨ ਸ਼ਾਂਤ ਰਹਿਣ ਲੱਗ ਪੈਂਦੈ॥ ਵਕਤ ਸਿਰ ਚੁੱਪੀ ਤੋੜੀ ਜਾਵੇ ਤਾਂ ਪਛਤਾਵੇ ਤੋਂ ਬਚਿਆ ਜਾ ਸਕਦੈ। ਚੁੱਪ ਰਹਿਣ 'ਚ ਅਸਹਿਜਤਾ ਦਾ ਆਲਮ ਖਤਰਨਾਕ ਹੁੰਦੈ॥ ਜਿੱਤ ਚੁੱਪ ਕਰਾਉਣ 'ਚ ਨਹੀਂ ਹਮੇਸ਼ਾ ਚੁੱਪ ਕਰਨ 'ਚ ਹੁੰਦੀ ਹੈ। ਭੋਲੀ ਦੁਨੀਆਂ ਦੁੱਜਿਆਂ ਨੂੰ ਚੁੱਪ ਕਰਾ ਕੇ ਜਿੱਤ ਪ੍ਰਾਪਤ ਕਰਨ ਦੇ ਭੁਲੇਖੇ 'ਚ ਹੀ ਪੂਰੀ ਜ਼ਿੰਦਗੀ ਲੰਘਾ ਦਿੰਦੀ ਹੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਕਹਿ ਦੇਣਾ ਬੜਾ ਆਸਾਨ ਹੈ ਕਿ ਮੈਂ ਮਨੁੱਖ ਹਾਂ।

## ਮਨੁੱਖ ਹੋਣਾ ਸਮਝਦਾਰ, ਸੂਝਵਾਨ, ਨੈਤਿਕ ਹੋਣਾ ਹੈ।



ਲੇਖਕ : ਹਰਪ੍ਰੀਤ ਕੌਰ ਸੰਧੂ।

ਕਹਿ ਦੇਣਾ ਬੜਾ ਆਸਾਨ ਹੈ ਕਿ ਮੈਂ ਮਨੁੱਖ ਹਾਂ। ਮਨੁੱਖ ਹੋਣਾ ਬੜਾ ਔਖਾ ਹੈ। ਮਨੁੱਖ ਹੋਣਾ ਸਮਝਦਾਰ, ਸੂਝਵਾਨ, ਨੈਤਿਕ ਹੋਣਾ ਹੈ। ਮਨੁੱਖ ਹੋਣਾ ਪਸ਼ੂਆਂ ਤੋਂ ਉੱਪਰ ਹੋਣਾ ਹੈ। ਅੱਜ ਦਾ ਮਨੁੱਖ ਤਾਂ ਪਸ਼ੂ ਬਿਰਤੀਆਂ ਵਾਲਾ ਹੈ। ਬਹੁਤ ਵਾਰ ਸੁਣਦੇ ਹੋਵੋਗੇ ਕਿ ਇੰਝ ਤਾਂ ਪਸ਼ੂ ਵੀ ਨਹੀਂ ਕਰਦੇ। ਪਸ਼ੂ ਤੋਂ ਖਤਰਾ ਹਰ ਆਦਮੀ ਨੂੰ ਹੁੰਦਾ ਜੇ ਉਹ ਖਤਰਨਾਕ ਹੋਵੇ। ਪਸ਼ੂ ਸਿਰਫ ਧੀਆਂ ਭੈਣਾਂ ਤੇ ਵਾਰ ਨਹੀਂ ਕਰਦੇ। ਪਸ਼ੂ ਕਿਸੇ ਨੂੰ ਸੜਕ ਤੇ ਸ਼ਰੇਆਮ ਗੋਲੀਆਂ ਨਹੀਂ ਮਾਰ ਦਿੰਦੇ। ਪਸ਼ੂ ਬਰਾਬਰ ਦੇ ਪਸ਼ੂ ਨਾਲ ਭੇੜ ਕਰਦੇ ਹਨ। ਇਸ ਹਿਸਾਬ ਨਾਲ ਤਾਂ ਮਨੁੱਖ ਪਸ਼ੂਆਂ ਤੋਂ ਵੀ ਹੇਠਾਂ ਹੈ। ਅੱਜ ਜਿਸ ਪਾਸੇ ਵੱਲ ਮਨੁੱਖ ਤੁਰਿਆ ਹੋਇਆ ਹੈ ਉੱਥੇ ਉਸਨੂੰ ਪਸ਼ੂ ਕਹਿਣ ਨੂੰ ਵੀ ਜੀ ਨਹੀਂ ਕਰਦਾ। ਤਾਕਤ ਦਿਖਾਉਣ ਦਾ ਇਹ ਵਰਤਾਰਾ, ਪੈਸੇ ਦੀ ਤਾਕਤ ਹੋਵੇ ਹੈਸੀਅਤ ਦੀ ਜਾਂ ਬੁੱਧੀ ਦੀ ਸਿਰਫ ਮਨੁੱਖ ਵਿੱਚ ਹੈ। ਪਸ਼ੂ ਆਪਣੀ ਤਾਕਤ ਵਿਖਾਉਂਦਾ ਹੈ ਪਰ ਆਪਣਾ ਭੋਜਨ ਪ੍ਰਾਪਤ ਕਰਨ ਲਈ। ਮਨੁੱਖ ਆਪਣੀ ਤਾਕਤ ਵਰਤਦਾ ਹੈ ਹੈ ਦੂਜੇ ਨੂੰ ਨੀਵਾਂ ਦਿਖਾਉਣ ਲਈ। ਕਿਸੇ ਦੀ ਸ਼ਖਸੀਅਤ ਨੂੰ ਮਿਟਾ ਦੇਣ ਲਈ ਉਹ ਆਪਣੀ ਤਾਕਤ ਦਿਖਾਉਂਦਾ ਹੈ ਤੇ ਇਸ ਨੂੰ ਉਹ ਆਪਣੀ ਤਾਕਤ ਸਮਝਦਾ ਵੀ ਹੈ। ਬੁੱਧੀ ਨਾਲ ਮਨੁੱਖ ਨੇ ਬਹੁਤ ਕਮਾਲ ਕੀਤੇ ਹਨ ਇਸ ਵਿੱਚ ਕੋਈ ਸ਼ੱਕ ਨਹੀਂ। ਪਰ ਇਹ ਵੀ ਸੱਚ ਹੈ ਕਿ ਇਸੇ ਬੁੱਧੀ ਨਾਲ ਉਸਨੇ ਆਪਣੀ ਹਾਲਤ ਇਸ ਤਰ੍ਹਾਂ ਬਦਤਰ ਕਰ ਲਈ ਹੈ ਕਿ ਹੁਣ ਕਿਹਾ ਜਾਂਦਾ ਹੈ ਇਸ ਤਰ੍ਹਾਂ ਪਸ਼ੂ ਹੀ ਨਹੀਂ ਕਰਦੇ।

ਗੱਲ ਸੋਚਣ ਵਾਲੀ ਹੈ
ਸੋਚਿਓ ਜਰੂਰ

## ਜਾਤ ਅਤੇ ਸਿੱਖ (ਸਾਡੀ ਲੜਾਈ ਜਾਤ ਅਧਾਰਤ ਦੀ ਥਾਂ ਜਾਤੀ ਪ੍ਰਬੰਧ ਦੇ ਵਿਰੁੱਧ ਹੋਣੀ ਚਾਹੀਂਦੀ ਹੈ।)



br>ਜਾਤ ਸ਼ਬਦ ਵੇਖਣ ਅਤੇ ਬੋਲਣ ਵਿੱਚ ਤਾਂ ਬਹੁਤ ਛੋਟਾ ਹੈ ਪਰ ਇਹ ਪੁਆੜੇ ਬਹੁਤ ਵੱਡੇ ਪਾਂਉਦਾ ਹੈ। ਜੇ ਇਉਂ ਕਹਿ ਲਈਏ ਕਿ ਇਹ ਜਾਤ ਸ਼ਬਦ ਮਨੁੱਖਤਾ ਦਾ ਸੱਭ ਤੋਂ ਵੱਡਾ ਦੁਸ਼ਮਣ ਤਾਂ ਇਸ ਵਿੱਚ ਵੀ ਕੋਈ ਅੱਤ ਕਥਨੀ ਨਹੀਂ ਹੋਵੇਗੀ। ਦੁੱਖ ਦੀ ਗੱਲ ਇਹ ਹੈ ਸਾਡੇ ਭਾਰਤ ਦੇਸ਼ ਉਤੇ ਰਾਜ ਹੀ ਜਾਤ ਦਾ ਹੈ, ਇਸ ਜਾਤ ਰਾਜੇ ਨੇ ਭਾਰਤ ਵਾਸੀਆਂ ਨੂੰ ਬਦੇਸ਼ੀ ਹਮਲਾਵਰਾਂ ਨਾਲੋਂ ਵੀ ਵੱਧ ਜਲੀਲ ਕਰਕੇ ਅਜਿਹੇ ਜਖਮ ਦਿੱਤੇ ਹਨ ਜੋ ਕਦੇ ਵੀ ਭਰ ਹੀ ਨਹੀਂ ਸਕਣੇ। ਕਿਉਂਕਿ ਬਦੇਸ਼ੀ ਹਮਲਾਵਰ ਤਾਂ ਕਦੇ ਆਉਂਦੇ ਸਨ ਜਾਂ ਕੁੱਝ ਸਮੇਂ ਲਈ ਗੁਲਾਮ ਬਣਾਉਂਦੇ ਸਨ, ਇਹਨਾ ਤੋਂ ਤਾਂ ਮੁਕਤੀ ਸੰਭਵ ਸੀ, ਸੰਭਵ ਸਿਰਫ ਕਹਿਣ ਲਈ ਹੀ ਨਹੀ, ਜਾਤੀ ਪ੍ਰਬੰਧ ਦੀ ਗੁਲਾਮੀ ਤੋਂ ਬਾਅਦ ਦੇ ਵਿਦੇਸ਼ੀ ਹਮਲਾਵਰਾਂ ਤੋਂ ਭਾਰਤ ਨੂੰ ਪ੍ਰਤੱਖ ਰੂਪ ਵਿੱਚ ਮੁਕਤੀ ਮਿਲੀ ਵੀ ਹੈ। ਸਾਡੇ ਭਾਰਤੀਆਂ (ਖਾਸ ਕਰ ਸਿੱਖਾਂ) ਨੇ ਵਿਦੇਸ਼ੀ ਹਮਲਾਵਰਾਂ ਦੇ ਅਜਿਹੇ ਦੰਦ ਖੱਟੇ ਕੀਤੇ ਕਿ ਉਹਨਾ ਨੇ ਮੁੜਕੇ ਭਾਰਤ ਤੇ ਹਮਲਾ ਕਰਨ ਵਾਰੇ ਸੋਚਣਾ ਵੀ ਬੰਦ ਕਰ ਦਿੱਤਾ ਸੀ, ਅੰਗ੍ਰੇਜੀ ਰਾਜ ਨੂੰ ਖਤਮ ਕਰਕੇ ਭਾਰਤ ਦੇਸ਼ ਨੂੰ ਅਜਾਦ ਵੀ ਕਰਵਾ ਲਿਆ ਗਿਆ। ਪਰ ਅਫਸੋਸ ਕਿ ਵਿਦੇਸ਼ੀ ਹਮਲਾਵਰਾਂ ਅਤੇ ਅੰਗ੍ਰੇਜਾਂ ਨੂੰ ਹਰਾਉਣ ਵਾਲੇ ਭਾਰਤੀ (ਖਾਸ਼ ਕਰ ਸਿੱਖ) ਜਾਤੀ ਪ੍ਰਬੰਧ ਤੋਂ ਹਾਰ ਗਏ ਹਨ, ਇਸ ਪ੍ਰਬੰਧ ਦਾ ਭਾਰਤ ਅੱਜ ਵੀ ਗੁਲਾਮ ਹੈ ਅਤੇ ਪਤਾ ਕਿੰਨਾ ਚਿਰ ਅਜੇ ਹੋਰ ਗੁਲਾਮ ਰਹੇਗਾ। ਕਹਿਣ ਨੂੰ ਤਾਂ ਚਲਾਕ (ਬ੍ਰਾਹਮਣ/ਜਾਤੀ ਪ੍ਰਬੰਧ ਦੇ ਸਿਰਜਕ) ਲੋਕ ਕਹਿੰਦੇ ਹਨ ਕੇ ਅੰਗ੍ਰੇਜਾਂ ਦੀ ਨੀਤੀ ਸੀ ਫੁੱਟ ਪਾਓ ਤੇ ਰਾਜ ਕਰੋ, ਕਿ ਅੰਗ੍ਰੇਜਾਂ ਨੇ ਫੁੱਟ ਪਾ ਕੇ ਭਾਰਤੀਆਂ ਤੇ ਰਾਜ ਕੀਤਾ, ਚਲੋ ਜੇ ਇਸ ਗੱਲ ਨੂੰ ਠੀਕ ਵੀ ਮੰਨ ਲਈਏ ਤਾਂ ਵੀ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਭਾਰਤੀ ਲੋਕ ਅੰਗ੍ਰੇਜਾਂ ਤੋਂ ਤਾਂ ਅਜਾਦ ਹੋ ਵੀ ਚੁੱਕੇ ਹਨ ਪਰ ਜਾਤੀ ਪ੍ਰਬੰਧ ਤੋਂ ਅਜਾਦ ਨਹੀਂ ਹੋਏ, ਜਾਂ ਇਉਂ ਕਹਿ ਲਈਏ ਕਿ ਇਸ ਦੇਸ਼ ਭਾਰਤ ਦੇ ਮੂਲ ਨਿਵਾਸੀ (ਮਾਲਕ) ਤਾਂ ਹਜਾਰਾਂ ਸਾਲਾਂ ਤੋਂ ਹੀ ਗੁਲਾਮ ਚਲੇ ਆ ਰਹੇ ਹਨ। ਜੇ ਇਸ ਦੇਸ਼ ਉਤੇ ਵਿਦੇਸ਼ੀ ਹਮਲਾਵਰਾਂ ਨੇ ਹਮਲੇ ਕੀਤੇ ਜਾਂ ਰਾਜ ਕੀਤਾ ਤਾਂ ਉਹ ਵੀ ਇਸ ਦੇਸ਼ ਤੇ ਪਹਿਲਾਂ ਤੋਂ ਕਬਜਾ ਕਰੀਂ ਬੈਠੇ ਬ੍ਰਾਹਮਣ/ਜਾਤੀ ਪ੍ਰਬੰਧ ਦੇ ਸਿਰਜਕ ਆਰੀਅਨਾ ਦੀ ਫੁੱਟ ਪਾਊ ਨੀਤੀਆਂ ਕਾਰਨ ਹੀ ਹੋਇਆ ਸੀ। ਵਿਦੇਸ਼ੀ ਹਮਲਾਵਰਾਂ ਦੇ ਹਮਲੇ ਅਤੇ ਗੁਲਾਮੀ ਦਾ ਸੰਤਾਪ ਤਾਂ ਭਾਵੇਂ ਭਾਰਤ ਦੇ ਮੂਲ ਨਿਵਾਸੀਆਂ ਨੂੰ ਵੀ ਭੋਗਣਾ ਪਿਆ, ਪਰ ਅਸਲ ਵਿੱਚ ਇਹ ਹਮਲੇ ਭਾਰਤੀਆਂ ਉੱਤੇ ਪਹਿਲਾਂ ਤੋਂ ਹੀ ਕਬਜਾ ਕਰੀਂ ਬੈਠੇ ਬ੍ਰਾਹਮਣਾਂ ਉਤੇ ਹੀ ਸਨ। ਭਾਰਤ ਦੇ ਮੂਲ ਨਿਵਾਸੀਆਂ ਨੇ ਜੋ ਸੰਘਰਸ਼ ਕਰਕੇ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਅਤੇ ਰਾਜ ਤੋਂ ਅਜਾਦੀ ਪ੍ਰਾਪਤ ਕੀਤੀ ਸੀ ਉਸ ਨਾਲ ਭਾਰਤੀ ਅਜਾਦ ਨਹੀਂ ਸਨ ਹੋਏ, ਉਸ ਨਾਲ ਤਾਂ ਭਾਰਤੀਆਂ ਤੇ ਪਹਿਲਾਂ ਤੋਂ ਹੀ ਕਬਜਾ ਕਰੀਂ ਬੈਠਾ ਬ੍ਰਾਹਮਣ ਹੀ ਅਜਾਦ ਹੋਇਆ ਸੀ। ਭਾਰਤੀਆ ਨੂੰ ਤਾਂ ਅਜਾਦ ਹੋਣ ਲਈ ਇੱਕ ਹੋਰ ਇੰਨਕਲਾਬੀ ਲੜਾਈ ਬ੍ਰਾਹਮਣ/ਜਾਤੀ ਪ੍ਰਬੰਧ ਦੇ ਸਿਰਜਕ ਨਾਲ ਲੜਨੀ ਪਵੇਗੀ। ਜਾਤੀ ਪ੍ਰਬੰਧ ਤੋਂ ਮੁਕਤੀ ਹੀ ਭਾਰਤੀਆਂ ਦੀ ਅਸਲ ਅਜਾਦੀ ਹੋਵੇਗੀ। ਇਸ ਜਾਤੀ ਪ੍ਰਬੰਧ ਤੋਂ ਮੁਕਤੀ ਵਗੈਰ ਅਸੀਂ ਸਿੱਧੇ ਰੂਪ ਵਿੱਚ ਰਾਜ ਕਰਦੇ ਹੋਏ ਵੀ ਅਸਿੱਧੇ ਰੂਪ ਵਿੱਚ ਗੁਲਾਮ ਹੀ ਹੋਵਾਂਗੇ। ਭਾਵ ਕਿ ਜੇਕਰ ਜਾਤੀ ਪ੍ਰਬੰਧ ਦੇ ਅਧੀਨ ਰਹਿ ਕੇ ਦਲਿਤ ਵੀ ਪਿੰਡਾਂ ਦੇ ਸਰਪੰਚਾਂ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸਟਰਪਤੀ ਤੱਕ ਬਣ ਜਾਣ ਫਿਰ ਵੀ ਭਾਰਤ ਅਜਾਦ ਨਹੀਂ ਹੋਵੇਗਾ। ਭਾਰਤ ਦੀ ਅਜਾਦੀ ਇਸ ਵਿੱਚ ਹੈ ਕਿ ਇਸ ਦੇਸ਼ ਵਿੱਚੋਂ ਜਾਤ, ਵਰਣਵੰਡ, ਊਚ-ਨੀਚਤਾ ਨੂੰ ਖਤਮ ਕਰਕੇ ਜਾਤ ਸ਼ਬਦ ਨੂੰ ਦੇਸ਼ ਧਰੋਹੀ ਸ਼ਬਦ ਐਲਾਨਿਆ ਜਾਵੇ, ਕਿਉਂਕਿ ਜਾਤੀ ਵੰਡ ਕੇਵਲ ਮਨੁੱਖੀ ਸਰੀਰਾਂ ਅਤੇ ਆਰਥਿਕਤਾ ਨੂੰ ਹੀ ਨਹੀਂ, ਬਲਕਿ ਮਨੁੱਖੀ ਮਾਨਸਿਕਤਾ ਨੂੰ ਵੀ ਗੁਲਾਮ ਬਣਾਉਂਦੀ ਹੈ। ਮਾਨਸਿਕ ਗੁਲਾਮੀ, ਸਰੀਰਕ ਅਤੇ ਆਰਥਿਕ ਗੁਲਾਮੀ ਨਾਲੋਂ ਵੀ ਵੱਧ ਖਤਰਨਾਕ ਹੁੰਦੀ ਹੈ, ਜਿਵੇਂ ਕਿ ਜੇਕਰ ਜਾਤੀ ਪ੍ਰਬੰਧ ਦੇ ਅਧੀਨ ਚਲਦਿਆਂ ਕਿਸੇ ਮਨੁੱਖ ਨੂੰ ਚੂਹੜਾ ਜਾਂ ਚਮਿਆਰ (ਕਹੀਆਂ ਜਾਂਦੀਆਂ ਨੀਚ ਜਾਤੀਆਂ) ਥਾਪ ਕੇ ਬੇਸੱਕ ਅਰਬਾਂ ਪਤੀ ਬਣਾ ਕੇ ਦੇਸ਼ ਦਾ ਪ੍ਰਧਾਨ ਮੰਤਰੀ ਵੀ ਬਣਾ ਦਿਓ ਉਹ ਫਿਰ ਵੀ ਚੂਹੜਾ, ਚਮਿਆਰ (ਨੀਚ) ਹੀ ਰਹੇਗਾ ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਨੀਚ ਹੀ ਕਹਾਉਣਗੀਆਂ, ਉਹਨਾ ਅੰਦਰੋਂ ਕਹੀ ਜਾਂਦੀ ਨੀਚ ਜਾਤ ਦੀ ਹੀਣ ਭਾਵਨਾ ਕਦੇ ਵੀ ਖਤਮ ਨਹੀਂ ਹੋਵੇਗੀ। ਇੱਕ ਕਹੀ ਜਾਂਦੀ ਉਚ ਜਾਤੀ ਦਾ ਬ੍ਰਾਹਮਣ ਬੇਸੱਕ ਆਰਥਿਕ ਤੌਰ ਤੇ ਕੰਮਜੋਰ ਹੁੰਦਾ ਹੋਇਆ, ਕਹੇ ਜਾਂਦੇ ਨੀਚ ਜਾਤੀ ਵਾਲੇ ਕੰਮ ਕਰਦਾ ਹੋਇਆ ਵੀ ਉਚੀ ਜਾਤ ਦਾ ਫਖਰ ਮਹਿਸੂਸ ਕਰਦਾ ਤੇ ਬ੍ਰਾਹਮਣ ਹੀ ਰਹਿੰਦਾ ਹੈ। ਇਸ ਲਈ ਬ੍ਰਾਹਮਣ ਵੀ ਇਹੀ ਚਾਹੁੰਦਾ ਹੈ ਕਿ ਕਹੀਆਂ ਜਾਂਦੀਆਂ ਨੀਚ ਜਾਤੀਆਂ ਦੇ ਆਗੂਆਂ ਨੂੰ ਬੇਸੱਕ ਪਿੰਡਾਂ ਦੇ ਸਰਪੰਚਾਂ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸਟਰਪਤੀ ਤੱਕ ਬਣਾ ਲਓ ਪਰ ਜਾਤੀ ਪ੍ਰਬੰਧ ਨੂੰ ਖਤਮ ਨਾ ਕਰੋ। ਕਿਉਂਕਿ ਜਾਤੀ ਵੰਡ ਵਾਲੀ ਗੁਲਾਮੀ ਤੋਂ ਅਜਾਦ ਹੋਣਾ ਬਹੁਤ ਮੁਸ਼ਕਲ ਹੈ, ਸਰਕਾਰਾਂ ਤਾਂ ਬਦਲ ਦੀਆਂ ਹੀ ਰਹਿੰਦੀਆਂ ਹਨ। ਉਝ ਬੇਸੱਕ ਸਰਕਾਰ ਨੇ ਐੱਸ ਸੀ ਐਕਟ ਬਣਾਇਆ ਹੋਇਆ ਹੈ, ਜਾਤੀ ਪ੍ਰਬੰਧ ਅਧੀਨ ਚੱਲ ਰਹੀ ਸਰਕਾਰ ਦਾ ਇਹ ਐਕਟ ਵੀ ਭਾਰਤੀਆਂ ਨੂੰ ਮੂਰਖ ਬਣਾਉਣ ਤੋਂ ਸਿਵਾਏ ਕੁੱਝ ਵੀ ਨਹੀਂ ਹੈ, ਇੱਕ ਪਾਸੇ ਕਿਸੇ ਮਨੁੱਖ ਨੂੰ ਚੂਹੜਾ ਜਾਂ ਚਮਿਆਰ ਕਹਿਣ ਵਾਲੇ ਨੂੰ ਸਜਾ ਦਿੱਤੀ ਜਾਂਦੀ ਹੈ ਦੂਜੇ ਪਾਸੇ ਉਸੇ ਮਨੁੱਖ ਨੂੰ ਆਪਣੇ ਨਾਮ ਨਾਲ ਜਾਤੀ (ਚੂਹੜਾ ਜਾਂ ਚਮਿਆਰ ਆਦਿ) ਲਿਖਣ ਲਈ ਮਜਬੂਰ ਕੀਤਾ ਜਾਂਦਾ ਹੈ। ਜੇ ਇਹ ਜਾਤੀ ਵਾਚਕ ਸ਼ਬਦ ਇੰਨਾ ਹੀ ਮਾੜਾ ਹੈ ਜਿਸ ਦੇ ਕਹਿਣ ਨਾਲ ਕਿਸੇ ਦੇ ਮਨ ਨੂੰ ਠੇਸ ਪਹੁੰਚਦੀ ਹੈ, ਚੱਲਦਾ........ਅਗਲਾ ਭਾਗ ਕੱਲ੍ਹ।

ਹਰਲਾਜ ਸਿੰਘ ਬਹਾਦਰਪੁਰ
ਪਿੰਡ ਤੇ ਡਾਕ : ਬਹਾਦਰਪੁਰ
ਤਹਿ: ਬੁਢਲਾਡਾ,ਜਿਲ੍ਹਾ ਮਾਨਸਾ (ਪੰਜਾਬ)
ਪਿੰਨਕੋਡ-151501
ਮੋਬਾਇਲ-94170-23911
ਹਓਰਲਓਜਸਨਿਗਹ7ਗਮਓਲਿ.ਚੋਮ

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਨੀਦਰਲੈਂਡ ਅਤੇ ਚੈੱਕ ਗਣਰਾਜ ਜਾਣ ਵਾਲਾ ਵਿਦੇਸ਼ੀ ਦੌਰਾ ਅਨਿਸ਼ਚਿਤਤਾ ਵਿੱਚ ਫਸ ਗਿਆ ਹੈ।



**ਮੁੱਖ ਮੰਤਰੀ ਭਗਵੰਤ ਮਾਨ 25 ਮੈਂਬਰੀ ਵਫ਼ਦ ਦੀ ਅਗਵਾਈ ਕਰਨ ਵਾਲੇ ਸਨ। |**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਨੀਦਰਲੈਂਡ ਅਤੇ ਚੈੱਕ ਗਣਰਾਜ ਜਾਣ ਵਾਲਾ ਵਿਦੇਸ਼ੀ ਦੌਰਾ ਅਨਿਸ਼ਚਿਤਤਾ ਵਿੱਚ ਫਸ ਗਿਆ ਹੈ। ਕੇਂਦਰੀ ਵਿਦੇਸ਼ ਮੰਤਰਾਲੇ (MEA) ਵੱਲੋਂ ਅਜੇ ਤੱਕ ਇਸ ਅਧਿਕਾਰਤ ਦੌਰੇ ਲਈ ਰਾਜਨੀਤਿਕ ਮਨਜ਼ੂਰੀ (Political Clearance) ਨਹੀਂ ਦਿੱਤੀ ਗਈ। ਇਹ ਦੌਰਾ ਅੱਜ ਸ਼ਨੀਵਾਰ ਅੱਧੀ ਰਾਤ ਤੋਂ ਸ਼ੁਰੂ ਹੋਣਾ ਸੀ।ਮੁੱਖ ਮੰਤਰੀ ਭਗਵੰਤ ਮਾਨ 25 ਮੈਂਬਰੀ ਵਫ਼ਦ ਦੀ ਅਗਵਾਈ ਕਰਨ ਵਾਲੇ ਸਨ। ਇਸ ਦੌਰੇ ਦਾ ਮੁੱਖ ਉਦੇਸ਼ ਪੰਜਾਬ ਵਿੱਚ ਵਿਦੇਸ਼ੀ ਨਿਵੇਸ਼ ਲਿਆਉਣ ਲਈ ਯੂਰਪੀ ਕੰਪਨੀਆਂ ਨੂੰ ਸੱਦਾ ਦੇਣਾ ਅਤੇ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਾ ਸੀ। ਸੂਤਰਾਂ ਅਨੁਸਾਰ ਨੀਦਰਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਵੱਡੇ ਉਦਯੋਗਪਤੀਆਂ ਨਾਲ ਮੀਟਿੰਗਾਂ ਦੇ ਸਮੇਂ ਵੀ ਪਹਿਲਾਂ ਹੀ ਤੈਅ ਕਰ ਲਏ ਸਨ, ਪਰ ਮਨਜ਼ੂਰੀ ਨਾ ਮਿਲਣ ਕਾਰਨ ਪੂਰਾ ਪ੍ਰੋਗਰਾਮ ਖਤਰੇ ਵਿੱਚ ਪੈ ਗਿਆ ਹੈ।

ਪੰਜਾਬ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਵੀ ਇਸ ਵਫ਼ਦ ਵਿੱਚ ਸ਼ਾਮਲ ਹੋਣੇ ਸਨ। ਇਹ ਘਟਨਾ ਪਹਿਲੀ ਵਾਰ ਨਹੀਂ ਹੈ ਜਦੋਂ ਮੁੱਖ ਮੰਤਰੀ ਦੇ ਵਿਦੇਸ਼ ਦੌਰੇ ਵਿੱਚ ਅੜਿੱਕਾ ਆਇਆ ਹੋਵੇ। ਇਸ ਤੋਂ ਪਹਿਲਾਂ ਜਨਵਰੀ 2026 ਵਿੱਚ ਵੀ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਨੂੰ ਬ੍ਰਿਟੇਨ ਅਤੇ ਇਜ਼ਰਾਈਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਇਸ ਤੋਂ ਪਹਿਲਾਂ ਅਗਸਤ 2024 ਵਿੱਚ ਪੈਰਿਸ ਓਲੰਪਿਕ ਵਿੱਚ ਭਾਰਤੀ ਹਾਕੀ ਟੀਮ ਦਾ ਸਮਰਥਨ ਕਰਨ ਲਈ ਵੀ ਮਨਜ਼ੂਰੀ ਨਹੀਂ ਮਿਲੀ ਸੀ।ਵਿਦੇਸ਼ ਮੰਤਰਾਲੇ ਵੱਲੋਂ ਇਨਕਾਰ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ ਗਿਆ। ਸੂਤਰਾਂ ਮੁਤਾਬਕ ਅਜਿਹੇ ਫੈਸਲੇ ਵਿੱਚ ਕਈ ਗਣਨਾਵਾਂ ਸ਼ਾਮਲ ਹੁੰਦੀਆਂ ਹਨ। ਆਮ ਆਦਮੀ ਪਾਰਟੀ ਵੱਲੋਂ ਇਸ ਨੂੰ ਕੇਂਦਰ ਸਰਕਾਰ ਵੱਲੋਂ ਰੁਕਾਵਟ ਵਜੋਂ ਦੇਖਿਆ ਜਾ ਰਿਹਾ ਹੈ, ਜਦਕਿ ਪੰਜਾਬ ਵਿੱਚ ਨਿਵੇਸ਼ ਲਿਆਉਣ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

# ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿੱਧੇ ਸਵਾਲ ਕੀਤੇ ਹਨ।



ਅੰਮ੍ਰਿਤਸਰ ਤੋਂ ਇੱਕ ਤਾਜ਼ਾ ਖ਼ਬਰ ਸਾਹਮਣੇ ਆਈ ਹੈ ਜਿੱਥੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿੱਧੇ ਸਵਾਲ ਕੀਤੇ ਹਨ। ਉਨ੍ਹਾਂ ਨੇ ਪੁੱਛਿਆ ਹੈ ਕਿ ਸੁਖਬੀਰ ਬਾਦਲ ਦੇ ਨਿੱਜੀ ਟੈਲੀਵਿਜ਼ਨ ਚੈਨਲ ਵੱਲੋਂ ਗੁਰਬਾਣੀ ਪ੍ਰਸਾਰਣ ਦੇ ਅਧਿਕਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੂੰ ਫੰਡ ਕਿਉਂ ਨਹੀਂ ਦਿੱਤੇ ਜਾ ਰਹੇ।

ਗਿਆਨੀ ਹਰਪ੍ਰੀਤ ਸਿੰਘ ਅਨੁਸਾਰ, SGPC ਨੇ ਨਿੱਜੀ ਚੈਨਲ ਨੂੰ ਗੁਰਬਾਣੀ ਪ੍ਰਸਾਰਣ ਦਾ ਅਧਿਕਾਰ ਦਿੱਤਾ ਸੀ ਅਤੇ ਇਸ ਬਦਲੇ ਵਿੱਚ ਚੈਨਲ ਵੱਲੋਂ ਕਮੇਟੀ ਨੂੰ ਨਿਯਮਤ ਫੰਡ ਜਮ੍ਹਾਂ ਕਰਵਾਏ ਜਾਂਦੇ ਸਨ। ਭਾਵੇਂ ਇਹ ਰਕਮ ਸਿੱਖ ਹਲਕਿਆਂ ਵਿੱਚ ਨਿਗੂਣੀ ਮੰਨੀ ਜਾਂਦੀ ਸੀ, ਪਰ ਇਹ ਇੱਕ ਸਮਝੌਤਾ ਸੀ ਜੋ ਪੂਰਾ ਕੀਤਾ ਜਾਂਦਾ ਸੀ। ਉਨ੍ਹਾਂ ਨੇ ਅੰਕੜੇ ਵੀ ਦਿੱਤੇ: ਸਾਲ 2020-21 ਵਿੱਚ 2 ਕਰੋੜ 65 ਲੱਖ ਰੁਪਏ, 2021-22 ਵਿੱਚ 1 ਕਰੋੜ ਰੁਪਏ ਅਤੇ 2022-23 ਵਿੱਚ 2 ਕਰੋੜ 90 ਲੱਖ ਰੁਪਏ SGPC ਨੂੰ ਜਮ੍ਹਾਂ ਕਰਵਾਏ ਗਏ ਸਨ। ਪਰ ਇਸ ਤੋਂ ਬਾਅਦ ਚੈਨਲ ਵੱਲੋਂ ਕੋਈ ਵੀ ਰਕਮ ਨਹੀਂ ਭੇਜੀ ਗਈ, ਜਦਕਿ ਗੁਰਬਾਣੀ ਦਾ ਪ੍ਰਸਾਰਣ ਅੱਜ ਵੀ ਜਾਰੀ ਹੈ।

ਗਿਆਨੀ ਜੀ ਨੇ ਸਪੱਸ਼ਟ ਕਿਹਾ ਕਿ ਉਹ SGPC ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਸ ਬਾਰੇ ਸਵਾਲ ਨਹੀਂ ਪੁੱਛ ਰਹੇ ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਸਿਪਾਹੀ ਦੱਸਿਆ ਹੈ। ਪਰ ਉਹ "ਕਮਾਂਡਰ" ਭਾਵ ਸੁਖਬੀਰ ਬਾਦਲ ਤੋਂ ਜਵਾਬ ਮੰਗ ਰਹੇ ਹਨ ਕਿ ਗੁਰਬਾਣੀ ਪ੍ਰਸਾਰਣ ਜਾਰੀ ਰਹਿੰਦੇ ਹੋਏ ਵੀ ਫੰਡ ਕਿਉਂ ਰੋਕੇ ਗਏ ਹਨ। ਇਹ ਸਵਾਲ ਅਕਾਲੀ ਦਲ ਅੰਦਰਲੇ ਵਿਵਾਦਾਂ ਨੂੰ ਹੋਰ ਤਿੱਖਾ ਕਰਦਾ ਹੈ, ਜਿੱਥੇ ਪੁਨਰ ਸੁਰਜੀਤ ਵਰਗ ਨੂੰ ਮੁੜ ਜਗਾਉਣ ਦੀ ਕੋਸ਼ਿਸ਼ ਜਾਰੀ ਹੈ ਅਤੇ SGPC ਨਾਲ ਜੁੜੇ ਮਾਮਲੇ ਵਿੱਚ ਵੀ ਤਣਾਅ ਵਧ ਰਿਹਾ ਹੈ।

# ਨੌਜਵਾਨ ਨੂੰ ਅਗਵਾ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।




ਚੰਡੀਗੜ੍ਹ 'ਚ ਇੱਕ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਹੱਲੋਮਾਜਰਾ ਇਲਾਕੇ ਤੋਂ ਇੱਕ ਨੌਜਵਾਨ ਨੂੰ ਅਗਵਾ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਨੌਜਵਾਨ ਦੀ ਪਛਾਣ ਸੈਕਟਰ 20 ਚੰਡੀਗੜ੍ਹ ਦੇ ਰਹਿਣ ਵਾਲੇ ਸੁਸ਼ੀਲ ਉਰਫ ਸਾਹਿਲ ਵਜੋਂ ਹੋਈ ਹੈ। ਇਹ ਘਟਨਾ ਬਹੁਤ ਹੀ ਸਨਸਨੀਖੇਜ਼ ਹੈ ਕਿਉਂਕਿ ਸੁਸ਼ੀਲ ਦਾ ਵਿਆਹ ਮਾਤਰ ਦੋ ਮਹੀਨਿਆਂ ਬਾਅਦ ਹੋਣ ਵਾਲਾ ਸੀ। ਪਰਿਵਾਰ ਇਸ ਘਟਨਾ ਤੋਂ ਬਹੁਤ ਦੁੱਖੀ ਅਤੇ ਸਦਮੇ ਵਿੱਚ ਹੈ।ਪੁਲਿਸ ਅਨੁਸਾਰ, ਨੌਜਵਾਨ ਨੂੰ ਹੱਲੋਮਾਜਰਾ ਤੋਂ ਅਗਵਾ ਕੀਤਾ ਗਿਆ ਸੀ।ਨੇ ਉਸ ਨੂੰ ਪਹਿਲਾਂ ਜ਼ੀਰਕਪੁਰ ਵੱਲ ਲੈ ਜਾਂਦੇ ਹੋਏ ਰਸਤੇ ਵਿੱਚ ਹਮਲਾ ਕੀਤਾ। ਫਿਰ ਉਸ ਨੂੰ ਡੇਰਾਬੱਸੀ ਲੈ ਜਾ ਕੇ ਲੋਹੇ ਦੀਆਂ ਰਾਡਾਂ ਨਾਲ ਬੇਰਹਿਮੀ ਨਾਲ ਕੁੱਟਿਆ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸ਼ੁੱਕਰਵਾਰ ਦੁਪਹਿਰ ਨੂੰ ਡੇਰਾਬੱਸੀ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਲਾਸ਼ ਲਵਾਰਸ ਹਾਲਤ ਵਿੱਚ ਮਿਲੀ। ਬਾਅਦ ਵਿੱਚ ਇਸ ਨੂੰ ਚੰਡੀਗੜ੍ਹ ਦੇ ਸੈਕਟਰ 32 ਜੀਐਮਸੀਐਚ ਮੁਰਦਾਘਰ ਵਿੱਚ ਭੇਜ ਦਿੱਤਾ ਗਿਆ। ਅੱਜ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ।ਇਸ ਮਾਮਲੇ ਵਿੱਚ ਸੈਕਟਰ-31 ਪੁਲਿਸ ਨੇ ਪਹਿਲਾਂ ਪੀੜਤ ਦੇ ਰਿਸ਼ਤੇਦਾਰ ਵਿਜੇ ਕੁਮਾਰ ਦੇ ਬਿਆਨ 'ਤੇ ਜ਼ੀਰਕਪੁਰ ਦੀ ਪ੍ਰੀਤ ਕਲੋਨੀ ਦੇ ਵਸਨੀਕ ਅਨਿਲ ਅਤੇ ਉਸ ਦੇ ਤਿੰਨ ਸਾਥੀਆਂ ਵਿਰੁੱਧ ਅਗਵਾ ਦਾ ਕੇਸ ਦਰਜ ਕੀਤਾ ਸੀ। ਲਾਸ਼ ਮਿਲਣ ਤੋਂ ਬਾਅਦ ਐਫਆਈਆਰ ਵਿੱਚ ਕਤਲ ਦੇ ਦੋਸ਼ ਵੀ ਸ਼ਾਮਲ ਕਰ ਦਿੱਤੇ ਗਏ ਹਨ। ਪੁਲਿਸ ਅਜੇ ਵੀ ਮੁਲਜ਼ਮਾਂ ਦੀ ਭਾਲ ਵਿੱਚ ਜੁਟੀ ਹੋਈ ਹੈ ਅਤੇ ਤਫਤੀਸ਼ ਜਾਰੀ ਹੈ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੁਸ਼ੀਲ ਦੀ ਮੰਗਣੀ ਹੋ ਚੁੱਕੀ ਸੀ ਅਤੇ ਉਸ ਦਾ ਵਿਆਹ ਬਹੁਤ ਜਲਦੀ ਹੋਣ ਵਾਲਾ ਸੀ। ਉਸ ਦੇ ਮਾਤਾ-ਪਿਤਾ ਅਤੇ ਭੈਣ ਪਹਿਲਾਂ ਹੀ ਇਸ ਦੁਨੀਆਂ ਤੋਂ ਚਲੇ ਗਏ ਸਨ, ਜਿਸ ਕਾਰਨ ਉਹ ਆਪਣੇ ਪਰਿਵਾਰ ਦਾ ਇੱਕੋ-ਇੱਕ ਸਹਾਰਾ ਸੀ। ਇਸ ਘਟਨਾ ਨੇ ਪੂਰੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ ਅਤੇ ਲੋਕ ਇਸ ਤਰ੍ਹਾਂ ਦੀਆਂ ਵਾਰਦਾਤਾਂ ਤੋਂ ਡਰੇ ਹੋਏ ਹਨ।

ਪੁਲਿਸ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਜਲਦੀ ਤੋਂ ਜਲਦੀ ਮੁਲਜ਼ਮਾਂ ਨੂੰ ਕਾਬੂ ਕਰਨ ਦਾ ਵਾਅਦਾ ਕੀਤਾ ਹੈ। ਇਹ ਘਟਨਾ ਇੱਕ ਵਾਰ ਫਿਰ ਸਾਨੂੰ ਯਾਦ ਕਰਵਾਉਂਦੀ ਹੈ ਕਿ ਸਾਡੇ ਸ਼ਹਿਰਾਂ ਵਿੱਚ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਪਰਿਵਾਰ ਨੂੰ ਇਸ ਦੁੱਖ ਨਾਲ ਜੂਝਣ ਲਈ ਹੌਸਲਾ ਦੇਣ ਦੀ ਲੋੜ ਹੈ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਮਾਜ ਨੂੰ ਵੀ ਜਾਗਰੂਕ ਹੋਣਾ ਚਾਹੀਦਾ ਹੈ

# ਨੇਪਾਲੀ ਮਹਿਲਾ ਨੇ ਆਪਣੀ ਮਾਲਕਣ ਅਤੇ ਘਰ ਦੀ ਦੂਜੀ ਨੌਕਰਾਣੀ ਨੂੰ ਨਸ਼ੀਲੀ ਚਾਹ ਪਿਆ ਨਕਦੀ ਤੇ ਗਹਿਣੇ ਲੈ ਕੇ ਫਰਾਰ ਹੋ ਗਈ।



***ਮੁਕਤਸਰ ਜ਼ਿਲ੍ਹੇ ਦੇ ਮਲੋਟ ਸ਼ਹਿਰ ਵਿੱਚ ਬੀਰਲਾ ਕਾਲੋਨੀ ਵਿੱਚ ਇੱਕ ਵਪਾਰੀ ਵਿਨੋਦ ਕੁਮਾਰ ਜੱਗਾ ਦੇ ਘਰ ਵਿੱਚ ਇੱਕ ਵੱਡੀ ਚੋਰੀ ਦੀ ਘਟਨਾ ਵਾਪਰੀ ਹੈ।***

ਮੁਕਤਸਰ ਜ਼ਿਲ੍ਹੇ ਦੇ ਮਲੋਟ ਸ਼ਹਿਰ ਵਿੱਚ ਬੀਰਲਾ ਕਾਲੋਨੀ ਵਿੱਚ ਇੱਕ ਵਪਾਰੀ ਵਿਨੋਦ ਕੁਮਾਰ ਜੱਗਾ ਦੇ ਘਰ ਵਿੱਚ ਇੱਕ ਵੱਡੀ ਚੋਰੀ ਦੀ ਘਟਨਾ ਵਾਪਰੀ ਹੈ। ਇਹ ਘਟਨਾ ਸ਼ੁੱਕਰਵਾਰ ਨੂੰ ਸ਼ਾਮ ਨੂੰ ਲਗਭਗ 4:30 ਵਜੇ ਵਾਪਰੀ। ਘਰ ਵਿੱਚ ਨੌਕਰਾਣੀ ਵਜੋਂ ਕੰਮ ਕਰ ਰਹੀ ਇੱਕ ਨੇਪਾਲੀ ਮਹਿਲਾ ਨੇ ਆਪਣੀ ਮਾਲਕਣ ਅਤੇ ਘਰ ਦੀ ਦੂਜੀ ਨੌਕਰਾਣੀ ਨੂੰ ਨਸ਼ੀਲੀ ਚਾਹ ਪਿਆ ਕੇ ਬੇਹੋਸ਼ ਕਰ ਦਿੱਤਾ ਅਤੇ ਫਿਰ ਨਕਦੀ ਤੇ ਗਹਿਣੇ ਲੈ ਕੇ ਫਰਾਰ ਹੋ ਗਈ।ਪੁਲਿਸ ਅਨੁਸਾਰ, ਇਹ ਨੇਪਾਲੀ ਨੌਕਰਾਣੀ ਕੁਝ ਸਮਾਂ ਪਹਿਲਾਂ ਏਜੰਸੀ ਰਾਹੀਂ ਕਿਰਾਏ ਤੇ ਰੱਖੀ ਗਈ ਸੀ ਪਰ ਪਰਿਵਾਰ ਨੇ ਉਸ ਦੀ ਕੋਈ ਵੀ ਜਾਂਚ ਨਹੀਂ ਕੀਤੀ। ਉਹਨਾਂ ਨੇ ਗੂਗਲ ਤੋਂ ਸਿਰਫ਼ ਫੋਨ ਨੰਬਰ ਲੈ ਕੇ ਉਸ ਨੂੰ ਨੌਕਰੀ ਤੇ ਰੱਖ ਲਿਆ ਸੀ। ਘਰ ਵਿੱਚ ਰਹਿਣ ਵਾਲੀ ਇਸ ਨੌਕਰਾਣੀ ਨੂੰ ਪੂਰੀ ਜਾਣਕਾਰੀ ਸੀ ਕਿ ਘਰ ਵਿੱਚ ਕਿੱਥੇ ਕੀ ਰੱਖਿਆ ਹੋਇਆ ਹੈ। ਉਸ ਨੇ ਮਾਲਕਣ ਅਤੇ ਦੂਜੀ ਨੌਕਰਾਣੀ ਨੂੰ ਚਾਹ ਵਿੱਚ ਨਸ਼ਾ ਮਿਲਾ ਕੇ ਪਿਆ ਦਿੱਤਾ ਜਿਸ ਨਾਲ ਦੋਵੇਂ ਬੇਹੋਸ਼ ਹੋ ਗਈਆਂ। ਇਸ ਦੌਰਾਨ ਉਸ ਨੇ ਘਰ ਵਿੱਚੋਂ ਲਗਭਗ 7 ਲੱਖ ਰੁਪਏ ਨਕਦ ਅਤੇ ਤਕਰੀਬਨ 4 ਤੋਲੇ ਸੋਨੇ ਦੇ ਗਹਿਣੇ ਚੋਰੀ ਕਰ ਲਏ। ਨਾਲ ਹੀ ਘਰ ਦੀ ਸਕੂਟਰ ਵੀ ਲੈ ਗਈ।ਸੀਸੀਟੀਵੀ ਫੁਟੇਜ ਵਿੱਚ ਦੇਖਿਆ ਗਿਆ ਕਿ ਦੋ ਅਣਜਾਣ ਵਿਅਕਤੀ ਸਾਈਕਲ ਤੇ ਆਏ। ਉਨ੍ਹਾਂ ਵਿੱਚੋਂ ਇੱਕ ਨੇ ਨੌਕਰਾਣੀ ਨੂੰ ਦੋ ਬੈਗਾਂ ਸਮੇਤ ਸਕੂਟਰ ਤੇ ਬਿਠਾ ਕੇ ਲੈ ਜਾਣ ਵਿੱਚ ਮਦਦ ਕੀਤੀ ਜਦਕਿ ਦੂਜਾ ਵਿਅਕਤੀ ਸਾਈਕਲ ਤੇ ਹੀ ਚਲਾ ਗਿਆ। ਇਸ ਤਰ੍ਹਾਂ ਤਿੰਨੇ ਮਿਲ ਕੇ ਇਹ ਵਾਰਦਾਤ ਅੰਜਾਮ ਦਿੱਤੀ। ਮਲੋਟ ਸਿਟੀ ਪੁਲਿਸ ਸਟੇਸ਼ਨ ਦੇ ਐੱਸਐੱਚਓ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਕੇਸ ਦਰਜ ਕੀਤਾ ਜਾ ਰਿਹਾ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਪਰਿਵਾਰ ਨੇ ਨੌਕਰਾਣੀ ਦੀ ਪੁਲਿਸ ਵੈਰੀਫਿਕੇਸ਼ਨ ਨਹੀਂ ਕਰਵਾਈ ਸੀ ਜਿਸ ਕਾਰਨ ਅਜਿਹੀ ਘਟਨਾ ਵਾਪਰੀ।ਇਹ ਘਟਨਾ ਪੰਜਾਬ ਵਿੱਚ ਨੌਕਰ-ਨੌਕਰਾਣੀਆਂ ਨੂੰ ਬਿਨਾਂ ਜਾਂਚ ਕੇ ਰੱਖਣ ਦੇ ਖ਼ਤਰੇ ਨੂੰ ਇੱਕ ਵਾਰ ਫਿਰ ਸਾਹਮਣੇ ਲਿਆਂਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਜਿਵੇਂ ਲੁਧਿਆਣਾ, ਜਲੰਧਰ, ਚੰਡੀਗੜ੍ਹ ਅਤੇ ਮੋਹਾਲੀ ਵਿੱਚ ਵੀ ਨੇਪਾਲੀ ਨੌਕਰਾਂ ਵੱਲੋਂ ਨਸ਼ਾ ਮਿਲਾ ਕੇ ਲੁੱਟ ਦੀਆਂ ਕਈ ਵਾਰਦਾਤਾਂ ਵਾਪਰ ਚੁੱਕੀਆਂ ਹਨ। ਇਹਨਾਂ ਵਿੱਚ ਅਕਸਰ ਨੌਕਰ ਜਾਂ ਨੌਕਰਾਣੀ ਭੋਜਨ ਜਾਂ ਚਾਹ ਵਿੱਚ ਨਸ਼ੀਲੀਆਂ ਦਵਾਈਆਂ ਮਿਲਾ ਕੇ ਪਰਿਵਾਰ ਨੂੰ ਬੇਹੋਸ਼ ਕਰਦੇ ਹਨ ਅਤੇ ਫਿਰ ਨਕਦੀ, ਸੋਨਾ-ਚਾਂਦੀ ਤੇ ਹੋਰ ਕੀਮਤੀ ਸਾਮਾਨ ਲੈ ਕੇ ਫਰਾਰ ਹੋ ਜਾਂਦੇ ਹਨ।ਪੁਲਿਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਘਰ ਵਿੱਚ ਨੌਕਰ ਜਾਂ ਨੌਕਰਾਣੀ ਰੱਖਣ ਤੋਂ ਪਹਿਲਾਂ ਉਨ੍ਹਾਂ ਦੀ ਪੂਰੀ ਪੁਲਿਸ ਵੈਰੀਫਿਕੇਸ਼ਨ ਜ਼ਰੂਰ ਕਰਵਾਉਣ। ਏਜੰਸੀਆਂ ਰਾਹੀਂ ਰੱਖੇ ਜਾਣ ਵਾਲੇ ਵਰਕਰਾਂ ਦੇ ਆਧਾਰ ਕਾਰਡ, ਪਤਾ ਅਤੇ ਪਿਛੋਕੜ ਦੀ ਜਾਂਚ ਕਰਨੀ ਚਾਹੀਦੀ ਹੈ। ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਸੀਸੀਟੀਵੀ ਕੈਮਰੇ ਲਗਾਉਣੇ ਅਤੇ ਅਜਨਬੀਆਂ ਨੂੰ ਪੂਰਾ ਭਰੋਸਾ ਨਾ ਕਰਨਾ ਵੀ ਜ਼ਰੂਰੀ ਹੈ।ਇਸ ਵਾਰਦਾਤ ਨੇ ਇੱਕ ਵਾਰ ਫਿਰ ਸੁਰੱਖਿਆ ਦੇ ਮਾਪਦੰਡਾਂ ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਰਿਵਾਰਾਂ ਨੂੰ ਚਾਹੀਦਾ ਹੈ ਕਿ ਘਰੇਲੂ ਕਰਮਚਾਰੀਆਂ ਨੂੰ ਰੱਖਣ ਵੇਲੇ ਸਾਵਧਾਨੀ ਵਰਤਣ ਅਤੇ ਕਿਸੇ ਵੀ ਅਣਜਾਣ ਨੂੰ ਆਸਾਨੀ ਨਾਲ ਭਰੋਸਾ ਨਾ ਕਰਨ। ਮਲੋਟ ਪੁਲਿਸ ਹੁਣ ਤਿੰਨਾਂ ਦੇ ਖਿਲਾਫ਼ ਛਾਪੇਮਾਰੀ ਕਰ ਰਹੀ ਹੈ ਅਤੇ ਉਮੀਦ ਹੈ ਕਿ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਹ ਘਟਨਾ ਸਮਾਜ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਹੈ ਅਤੇ ਲੋਕ ਆਪਣੇ ਘਰਾਂ ਦੀ ਸੁਰੱਖਿਆ ਬਾਰੇ ਵਧੇਰੇ ਸੁਚੇਤ ਹੋ ਰਹੇ ਹਨ।

# ਭਾਜਪਾ ਦੀ ਰਿਤੂ ਤਾਵੜੇ ਮੁੰਬਈ ਦੀ ਪਹਿਲੀ ਮਹਿਲਾ ਮੇਅਰ ਬਣ ਗਈ ਹੈ।

## ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਰਿਤੂ ਤਾਵੜੇ ਨੂੰ ਬ੍ਰਿਹਨਮੁੰਬਈ ਮਿਊਂਸੀਪਲ ਕਾਰਪੋਰੇਸ਼ਨ (ਬੀਐੱਮਸੀ) ਦੇ ਮੇਅਰ ਪਦ ਲਈ ਉਮੀਦਵਾਰ ਐਲਾਨਿਆ ਸੀ



ਭਾਜਪਾ ਦੀ ਰਿਤੂ ਤਾਵੜੇ ਮੁੰਬਈ ਦੀ ਪਹਿਲੀ ਮਹਿਲਾ ਮੇਅਰ ਬਣ ਗਈ ਹੈ। ਇਹ ਖ਼ਬਰ ਹੋਰ ਮੀਡੀਆ ਸਰੋਤਾਂ ਵਿੱਚ ਛਪੀ ਹੈ। 7 ਫਰਵਰੀ 2026 ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਰਿਤੂ ਤਾਵੜੇ ਨੂੰ ਬ੍ਰਿਹਨਮੁੰਬਈ ਮਿਊਂਸੀਪਲ ਕਾਰਪੋਰੇਸ਼ਨ (ਬੀਐੱਮਸੀ) ਦੇ ਮੇਅਰ ਪਦ ਲਈ ਉਮੀਦਵਾਰ ਐਲਾਨਿਆ ਸੀ ਅਤੇ ਉਹ ਅੱਜ ਇਸ ਅਹੁਦੇ ਤੇ ਚੁਣੀ ਗਈ ਹੈ। ਇਹ ਮੁੰਬਈ ਦੇ ਇਤਿਹਾਸ ਵਿੱਚ ਇੱਕ ਬੜਾ ਬਦਲਾਅ ਹੈ ਕਿਉਂਕਿ ਪਿਛਲੇ 25 ਸਾਲਾਂ ਤੋਂ ਇਹ ਪਦ ਸ਼ਿਵ ਸੈਨਾ ਦੇ ਕੋਲ ਰਿਹਾ ਹੈ, ਜੋ ਬਾਲ ਠਾਕਰੇ ਪਰਿਵਾਰ ਨਾਲ ਜੁੜਿਆ ਹੋਇਆ ਸੀ। ਹੁਣ ਭਾਜਪਾ ਅਤੇ ਏਕਨਾਥ ਸ਼ਿੰਡੇ ਦੀ ਸ਼ਿਵ ਸੈਨਾ ਦੀ ਮਹਾਯੁਤੀ ਗਠਜੋੜ ਨੇ ਬੀਐੱਮਸੀ ਵਿੱਚ ਬਹੁਮਤ ਹਾਸਲ ਕਰ ਲਿਆ ਹੈ ਅਤੇ ਇਸ ਨਾਲ ਰਿਤੂ ਤਾਵੜੇ ਨੂੰ ਮੇਅਰ ਬਣਨ ਦਾ ਮੌਕਾ ਮਿਲਿਆ ਹੈ।

ਰਿਤੂ ਤਾਵੜੇ ਘਾਟਕੋਪਰ ਤੋਂ ਕਾਰਪੋਰੇਟਰ ਹਨ ਅਤੇ ਵਾਰਡ ਨੰਬਰ 132 ਦੀ ਨੁਮਾਇੰਦਗੀ ਕਰਦੀਆਂ ਹਨ। ਉਹ ਤਿੰਨ ਵਾਰੀ ਚੁਣੀਆਂ ਜਾ ਚੁੱਕੀਆਂ ਹਨ। ਪਹਿਲਾਂ ਉਹ 2012 ਵਿੱਚ ਵਾਰਡ 127 ਤੋਂ, ਫਿਰ 2017 ਵਿੱਚ ਵਾਰਡ 121 ਤੋਂ ਅਤੇ ਹੁਣ 2025 ਦੀਆਂ ਚੋਣਾਂ ਵਿੱਚ ਵਾਰਡ 132 ਤੋਂ ਜਿੱਤੀਆਂ ਹਨ। ਉਹ ਮੂਲ ਰੂਪ ਵਿੱਚ ਕਾਂਗਰਸ ਨਾਲ ਜੁੜੀਆਂ ਹੋਈਆਂ ਸਨ ਪਰ 2012 ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਈਆਂ ਸਨ। ਬੀਐੱਮਸੀ ਵਿੱਚ ਉਹਨਾਂ ਨੇ ਸਿੱਖਿਆ ਕਮੇਟੀ ਦੀ ਚੇਅਰਪਰਸਨ ਵਜੋਂ ਵੀ ਸੇਵਾ ਨਿਭਾਈ ਹੈ। ਉਹਨਾਂ ਦੇ ਅਨੁਭਵ ਅਤੇ ਸਥਾਨਕ ਪੱਧਰ ਤੇ ਕੰਮ ਕਰਨ ਦੀ ਸਮਰੱਥਾ ਨੇ ਉਹਨਾਂ ਨੂੰ ਇਸ ਅਹੁਦੇ ਲਈ ਚੁਣਨ ਵਿੱਚ ਮਦਦ ਕੀਤੀ ਹੈ।ਬੀਐੱਮਸੀ ਭਾਰਤ ਦੀ ਸਭ ਤੋਂ ਅਮੀਰ ਨਗਰ ਨਿਗਮ ਹੈ ਜਿਸ ਦਾ ਬਜਟ ਲਗਭਗ 74,427 ਕਰੋੜ ਰੁਪਏ ਦਾ ਹੈ। ਇਸ ਨਿਗਮ ਦੇ ਮੇਅਰ ਦਾ ਅਹੁਦਾ ਬਹੁਤ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਹ ਮੁੰਬਈ ਸ਼ਹਿਰ ਦੇ ਵਿਕਾਸ, ਸਾਫ਼-ਸਫਾਈ, ਸੜਕਾਂ, ਸਿੱਖਿਆ ਅਤੇ ਸਿਹਤ ਸੇਵਾਵਾਂ ਵਰਗੇ ਖੇਤਰਾਂ ਨੂੰ ਸੰਭਾਲਦਾ ਹੈ। ਪਹਿਲਾਂ ਇਹ ਪਦ ਸ਼ਿਵ ਸੈਨਾ ਦੇ ਕੋਲ ਰਹਿੰਦਾ ਸੀ ਪਰ ਹੁਣ ਮਹਾਯੁਤੀ ਗਠਜੋੜ ਦੇ ਬਹੁਮਤ ਕਾਰਨ ਭਾਜਪਾ ਨੂੰ ਇਹ ਮੌਕਾ ਮਿਲਿਆ ਹੈ। ਡਿਪਟੀ ਮੇਅਰ ਦਾ ਅਹੁਦਾ ਸ਼ਿਵ ਸੈਨਾ ਦੇ ਸੰਜੇ ਸ਼ੰਕਰ ਘਾਡੀ ਨੂੰ ਮਿਲਿਆ ਹੈ ਜੋ ਦਹਿਸਰ ਤੋਂ ਕਾਰਪੋਰੇਟਰ ਹਨ ਅਤੇ ਵਾਰਡ 5 ਤੋਂ ਚੁਣੇ ਗਏ ਸਨ।ਇਸ ਚੋਣ ਵਿੱਚ ਮਹਿਲਾ ਰਾਖਵਾਂਕਰਨ ਵਾਲੇ ਪਦ ਲਈ ਲਾਟਰੀ ਸਿਸਟਮ ਰਾਹੀਂ ਆਮ ਸ਼੍ਰੇਣੀ ਦੀ ਮਹਿਲਾ ਲਈ ਰਾਖਵਾਂ ਰੱਖਿਆ ਗਿਆ ਸੀ। ਭਾਜਪਾ ਨੇ ਆਪਣੀ ਤਾਕਤ ਅਤੇ ਅਨੁਭਵੀ ਆਗੂ ਨੂੰ ਅੱਗੇ ਕਰਕੇ ਇਸ ਅਹੁਦੇ ਨੂੰ ਹਾਸਲ ਕੀਤਾ ਹੈ। ਰਿਤੂ ਤਾਵੜੇ ਦੀ ਚੋਣ ਨੂੰ ਮੁੰਬਈ ਦੇ ਰਾਜਨੀਤਿਕ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਮੰਨਿਆ ਜਾ ਰਿਹਾ ਹੈ। ਉਹਨਾਂ ਨੇ ਨਾਮਜ਼ਦਗੀ ਦਾਖਲ ਕਰਨ ਸਮੇਂ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ ਅਤੇ ਕਾਰਪੋਰੇਟਰਾਂ ਦੀ ਹਾਜ਼ਰੀ ਵਿੱਚ ਇਹ ਕੰਮ ਕੀਤਾ ਸੀ।ਇਸ ਘਟਨਾ ਨਾਲ ਮਹਾਰਾਸ਼ਟਰ ਵਿੱਚ ਮਹਾਯੁਤੀ ਗਠਜੋੜ ਦੀ ਮਜ਼ਬੂਤੀ ਵੀ ਸਾਹਮਣੇ ਆਈ ਹੈ। ਜਨਵਰੀ 2025 ਵਿੱਚ ਹੋਈਆਂ ਬੀਐੱਮਸੀ ਚੋਣਾਂ ਵਿੱਚ ਭਾਜਪਾ ਨੇ 89 ਸੀਟਾਂ ਅਤੇ ਸ਼ਿੰਡੇ ਸ਼ਿਵ ਸੈਨਾ ਨੇ 29 ਸੀਟਾਂ ਜਿੱਤੀਆਂ ਸਨ ਜਿਸ ਨਾਲ ਗਠਜੋੜ ਕੋਲ 118 ਸੀਟਾਂ ਦਾ ਬਹੁਮਤ ਹੈ। ਇਸ ਨਾਲ ਉਹਨਾਂ ਨੂੰ ਮੇਅਰ ਅਤੇ ਡਿਪਟੀ ਮੇਅਰ ਦੋਵੇਂ ਅਹੁਦੇ ਆਸਾਨੀ ਨਾਲ ਮਿਲ ਗਏ ਹਨ। ਰਿਤੂ ਤਾਵੜੇ ਦੀ ਜਿੱਤ ਨੂੰ ਭਾਜਪਾ ਦੀ ਰਣਨੀਤੀ ਅਤੇ ਮਹਿਲਾਵਾਂ ਨੂੰ ਅੱਗੇ ਲਿਆਉਣ ਦੇ ਯਤਨ ਵਜੋਂ ਵੀ ਵੇਖਿਆ ਜਾ ਰਿਹਾ ਹੈ।ਇਹ ਬਦਲਾਅ ਮੁੰਬਈ ਵਾਸੀਆਂ ਲਈ ਨਵੀਂ ਉਮੀਦ ਲੈ ਕੇ ਆਇਆ ਹੈ। ਰਿਤੂ ਤਾਵੜੇ ਆਪਣੇ ਅਨੁਭਵ ਨਾਲ ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਕਰਨਗੀਆਂ। ਉਹਨਾਂ ਨੇ ਸਿੱਖਿਆ ਅਤੇ ਸਥਾਨਕ ਮੁੱਦਿਆਂ ਤੇ ਪਹਿਲਾਂ ਵੀ ਵਧੀਆ ਕੰਮ ਕੀਤਾ ਹੈ ਜਿਸ ਕਰਕੇ ਲੋਕ ਉਹਨਾਂ ਤੋਂ ਬਹੁਤ ਉਮੀਦਾਂ ਰੱਖਦੇ ਹਨ। ਮੁੰਬਈ ਵਰਗੇ ਵੱਡੇ ਸ਼ਹਿਰ ਵਿੱਚ ਮਹਿਲਾ ਮੇਅਰ ਦੀ ਚੋਣ ਇੱਕ ਮਾਣ ਵਾਲੀ ਗੱਲ ਹੈ ਅਤੇ ਇਹ ਹੋਰ ਮਹਿਲਾਵਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ।

# ਪੁਰਖਿਆਂ ਦੀਆਂ ਕਹੀਆਂ ਹੋਈਆਂ ਗੱਲਾਂ ਬਾਤਾਂ ਅਧਾਰਿਤ ਲੋਕ ਤੱਥ ਗੀਤ ਯੂ ਟਿਊਬ ਤੇ ਜਲਦੀ ਕਰਾਂਗੇ ਰਲੀਜ




## ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦੀਆਂ ਲਿਖੀਆਂ ਹੋਈਆਂ ਜੋ ਸਾਡੇ ਪੁਰਖੇ ਅਖਾਣਾਂ ਦੇ ਰੂਪ ਵਿੱਚ |

ਸ਼੍ਰੀ ਮੁਕਤਸਰ ਸਾਹਿਬ (ਪੱਤਰ ਪ੍ਰੇਰਕ) ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦੀਆਂ ਲਿਖੀਆਂ ਹੋਈਆਂ ਜੋ ਸਾਡੇ ਪੁਰਖੇ ਅਖਾਣਾਂ ਦੇ ਰੂਪ ਵਿੱਚ ਪੁਰਾਤਨ ਸਮਿਆਂ ਵਿੱਚ ਸਾਨੂੰ ਸਮਝਾਉਂਦੇ ਰਹੇ ਹਨ ਓਨਾਂ ਗੱਲਾਂ ਬਾਤਾਂ ਨੂੰ ਲੋਕ ਤੱਥ ਦੀ ਢਾਲ ਅਧੀਨ ਕਲਮਬੰਦ ਕਰਕੇ ਏ ਆਈ ਤਕਨੀਕ ਨਾਲ ਬਹੁਤ ਹੀ ਵਧੀਆ ਸਾਜਾਂ ਵਿੱਚ ਸਿਰਫ਼ ਇੱਕ ਦੋ ਦਿਨਾਂ ਤੱਕ ਤੁਹਾਡੇ ਸਭਨਾਂ ਦੇ ਸਨਮੁੱਖ ਪੇਸ਼ ਕੀਤਾ ਜਾਵੇਗਾ। ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕੰਮ ਆਉਣ ਅਤੇ ਪੁਰਖਿਆਂ ਦੀ ਜ਼ਿੰਦਗੀ ਦੇ ਨਿਚੋੜ ਚੋਂ ਸਾਨੂੰ ਹਮੇਸ਼ਾ ਹੀ ਬਹੁਤ ਕੁੱਝ ਸਿੱਖਣ ਲਈ ਮਿਲਦਾ ਹੈ। ਜੇਕਰ ਅਸੀਂ ਇਨ੍ਹਾਂ ਤੇ ਅਮਲ ਕਰਕੇ ਜ਼ਿੰਦਗੀ ਵਿੱਚ ਢਾਲ ਲਈਏ ਤਾਂ ਜੀਵਨ ਸੌਖਾ ਅਤੇ ਸ਼ਾਂਤਮਈ ਤਰੀਕੇ ਨਾਲ ਗੁਜਾਰਿਆ ਜਾ ਸਕਦਾ ਹੈ। ਉਮੀਦ ਹੈ ਤੁਹਾਨੂੰ ਇਹ ਲੋਕ ਤੱਥ ਰੂਪੀ ਗੀਤ ਜਰੂਰ ਪਸੰਦ ਆਏਗਾ ਤੇ ਤੁਸੀਂ ਇਨ੍ਹਾਂ ਗੱਲਾਂ ਨੂੰ (ਜਸਵੀਰ ਸ਼ਰਮਾ ਦੱਦਾਹੂਰ) ਦੇ ਖੁਦ ਦੇ ਗਾਏ ਗੀਤਾਂ ਦੀ ਤਰ੍ਹਾਂ ਤੇ ਅਖਬਾਰਾਂ ਵਿੱਚ ਛਪਦੀਆਂ ਇਨ੍ਹਾਂ ਦੀਆਂ ਰਚਨਾਵਾਂ ਨੂੰ ਜੋ ਪਿਆਰ ਸਤਿਕਾਰ ਦਿੰਦੇ ਓ, ਓਸੇ ਤਰ੍ਹਾਂ ਹੀ ਇਸ ਲੋਕ ਤੱਥ ਰੂਪੀ ਗੀਤ ਨੂੰ ਵੀ ਵਧੀਆ ਹੁੰਗਾਰਾ ਦੇਵੋਗੇ। ਇਨ੍ਹਾਂ ਨੂੰ ਨੂੰ ਸੁਣ ਕੇ ਲਾਇਕ ਕਮੈਂਟਸ ਤੇ ਸ਼ੇਅਰ ਵੀ ਕਰਿਓ ਜੀ ਅਤੇ ਹਰ ਵਾਰ ਦੀ ਤਰ੍ਹਾਂ ਆਪਦੇ ਸੁਝਾਵਾਂ ਦੀ ਵੀ ਉਡੀਕ ਰਹੇਗੀ ਜੀ।

# ਤਰਨ ਤਾਰਨ ਸ਼ਹਿਰ ਦੀ ਹਦੂਦ ਅੰਦਰ 9 ਫਰਵਰੀ ਨੂੰ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਹੈਵੀ ਮੋਟਰ ਵਹੀਕਲਾਂ 'ਤੇ ਰਹੇਗੀ ਪਾਬੰਦੀ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 7 ਫਰਵਰੀ ਜ਼ਿਲ੍ਹਾ ਮੈਜਿਸਟਰੇਟ ਤਰਨ ਤਾਰਨ ਸ੍ਰੀ ਰਾਹੁਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤਾ ਹੈ ਕਿ ਮਿਤੀ 09-02-2026 ਨੂੰ ਤਰਨ ਤਾਰਨ ਸ਼ਹਿਰ ਦੀ ਹਦੂਦ ਅੰਦਰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਕਿਸੇ ਵੀ ਤਰ੍ਹਾਂ ਦੇ ਹੈਵੀ ਮੋਟਰ ਵਹੀਕਲਾਂ ਦੇ ਦਾਖ਼ਲੇ ਅਤੇ ਹਲਚਲ 'ਤੇ ਮੁਕੰਮਲ ਪਾਬੰਦੀ ਹੋਵੇਗੀ। ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਮਾਣਯੋਗ ਰਾਜਪਾਲ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਵਿੱਚ ਮਿਤੀ 09-02-2026 ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਤੋਂ ਪੁਲਿਸ ਲਾਈਨਜ਼ ਤਰਨ ਤਾਰਨ ਤੱਕ ਕੱਢੀ ਜਾ ਰਹੀ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਦੇ ਮੱਦੇਨਜ਼ਰ ਇਹ ਪਾਬੰਦੀ ਲਗਾਈ ਗਈ ਹੈ।

# ਸਿੱਖਿਆ ਵਿਭਾਗ ਦੀਆਂ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਭਲਕੇ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 7 ਫਰਵਰੀ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਭੁੱਲਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਰਾਜ, ਐਲੀਮੈਂਟਰੀ ਟੀਚਰ ਯੂਨੀਅਨ ਪੰਜਾਬ, ਦੇ ਜ਼ਿਲਾ ਪ੍ਰਧਾਨ ਗੁਰਵਿੰਦਰ ਸਿੰਘ ਬੱਬੂ ਅਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਧਾਮੀ, ਲੈਕਚਰਾਰ ਕੇਡਰ ਯੂਨੀਅਨ ਤੋਂ ਮਨਜਿੰਦਰ ਸਿੰਘ ਢਿਲੋ ਅਤੇ ਤਜਿੰਦਰ ਸਿੰਘ, ਅਤੇ ਸਿੱਖਿਆ ਵਿਭਾਗ ਮਨਿਸਟਰੀਅਲ ਸਟਾਫ਼ ਐਸੋਸੀਏਸ਼ਨ ਪੰਜਾਬ ਵੱਲੋ ਇੱਕ ਅਹਿਮ ਸਾਂਝੀ ਮੀਟਿੰਗ ਕਰਕੇ ਅਧਿਆਪਕਾਂ ਅਤੇ ਮੁਲਾਜ਼ਮਾਂ ਦੀਆਂ ਲੰਬਿਤ ਮੰਗਾਂ ਲਈ 7 ਫਰਵਰੀ ਨੂੰ ਜਲੰਧਰ ਵਿਖੇ ਸੂਬਾ ਪੱਧਰੀ ਸਾਂਝੇ ਸੰਘਰਸ਼ ਦਾ ਐਲਾਨ ਕੀਤਾ। ਜਾਣਕਾਰੀ ਸਾਂਝੀ ਕਰਦਿਆਂ ਜਿਲ੍ਹਾ ਪ੍ਰਧਾਨਾਂ ਨੇ ਦੱਸਿਆ ਕਿ 2011 ਤੋਂ ਪਹਿਲਾ ਸਿੱਖਿਆ ਵਿਭਾਗ ਵਿੱਚ ਭਰਤੀ ਹੋਏ ਅਧਿਆਪਕਾਂ ਅਤੇ ਨਾਨ ਟੀਚਿੰਗ ਕਰਮਚਾਰੀਆ ਤੇ ਥੋਪੇ ਗਏ ਟੈਟ ਦੀ ਸ਼ਰਤ ਦੇ ਵਿਰੋਧ ਵਿੱਚ, ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਨੂੰ ਹੱਲ ਕਰਵਾਉਣ ਵਾਸਤੇ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਦੀਆਂ ਨੌਕਰੀਆਂ ਦੀ ਸੁਰੱਖਿਆ, ਤਰੱਕੀਆਂ ਲਈ ਟੈਟ ਦੀ ਸ਼ਰਤ ਲਾਗੂ ਨਾ ਕਰਨ, ਵਿੱਤੀ ਮੰਗਾਂ ਦਾ ਹੱਲ ਨਾ ਕਰਨ, ਗੈਰ-ਵਿੱਦਿਅਕ ਕੰਮਾਂ ਅਤੇ ਬੀਐਲਓ ਵਰਗੀਆ ਬੇਲੋੜੀਆਂ ਡਿਊਟੀਆਂ ਲਾਗੂ ਕਰਨ ਕਾਰਨ ਸਮੁੱਚਾ ਅਧਿਆਪਕ ਤੇ ਮੁਲਾਜ਼ਮ ਵਰਗ ਭਾਰੀ ਮਾਨਸਿਕ ਦਬਾਅ ਹੇਠ ਹੈ। ਜਿਸ ਬਾਰੇ ਅਗਲੀ ਰਣਨੀਤੀ ਉਲੀਕਣ ਲਈ 7 ਫਰਵਰੀ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿੱਚ ਸੂਬਾ ਪੱਧਰੀ ਮੀਟਿੰਗ ਬੁਲਾਈ ਗਈ ਹੈ, ਜਿਸ ਵਿੱਚ ਅਗਲੇ ਸੰਘਰਸ਼ੀ ਐਕਸ਼ਨ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ




# 12 ਦੀ ਹੜਤਾਲ ਸਫ਼ਲ ਕਰਨ ਲਈ ਜਥੇਬੰਦੀਆਂ ਨੇ ਕੀਤੀ ਸਾਂਝੀ ਇਕੱਤਰਤਾ



**ਤਰਨ ਤਾਰਨ 7 ਫਰਵਰੀ (ਗੁਰਪ੍ਰੀਤ ਸਿੰਘ ਕੱਦ ਗਿੱਲ) |**

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਦੀ ਮਿਹਨਤਕਸ਼ ਜਮਾਤ ਖਿਲਾਫ਼ ਕੀਤੇ ਜਾ ਰਹੇ ਮਾਰੂ ਹਮਲਿਆਂ ਵਿਰੁੱਧ 10 ਕੇਦਰੀਂ ਟਰੇਡ ਯੂਨੀਅਨਾਂ , ਮੁਲਾਜ਼ਮ ਫੈਡਰੇਸ਼ਨਾਂ ਅਤੇ ਅਜ਼ਾਦ ਜਥੇਬੰਦੀਆਂ ਦੇ ਦੇਸ਼ ਵਿਆਪੀ ਸੱਦੇ ਤੇ ਅਤੇ ਸਯੁੰਕਤ ਕਿਸਾਨ ਮੋਰਚੇ ਦੀ ਡਟਵੀਂ ਹਮਾਇਤ ਤੇ 12 ਫਰਵਰੀ ਨੂੰ ਕੀਤੀ ਜਾ ਰਹੀ ਇਕ ਰੋਜ਼ਾ ਦੇਸ਼ ਵਿਆਪੀ ਹੜਤਾਲ ਦੀ ਕਾਮਯਾਬੀ ਲਈ ਸਥਾਨਕ ਗਾਂਧੀ ਪਾਰਕ ਵਿੱਚ ਟਰੇਡ ਯੂਨੀਅਨਾਂ ਅਤੇ ਸਯੁੰਕਤ ਕਿਸਾਨ ਮੋਰਚੇ ਸਮੇਤ ਮਜਦੂਰ ਜਥੇਬੰਦੀਆਂ ਦੇ ਆਗੂਆਂ ਦੀ ਭਰਵੀਂ ਮੀਟਿੰਗ ਮਨਜੀਤ ਸਿੰਘ ਬੱਗੂ ਅਤੇ ਕਾਰਜ ਸਿੰਘ ਕੈਰੋਂ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸ਼ਾਮਲ ਵੱਖ - ਵੱਖ ਜਥੇਬੰਦੀਆਂ ਦੇ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ , ਨਛੱਤਰ ਸਿੰਘ ਮੁਗਲਚੱਕ, ਸਤਪਾਲ ਸ਼ਰਮਾ, ਲਖਬੀਰ ਸਿੰਘ ਰੈਸੀਆਣਾ, ਪੂਰਨ ਦਾਸ, ਮੇਜਰ ਸਿੰਘ ਮੱਲੀਆ, ਚਮਨ ਲਾਲ ਦਰਾਜਕੇ, ਸੁਖਦੇਵ ਸਿੰਘ ਕੋਟ, ਜੱਸਾ ਸਿੰਘ ਕੱਦਗਿੱਲ, ਸੁੱਚਾ ਸਿੰਘ ਧੋਲ , ਸਵਰਨ ਸਿੰਘ ਕੁਹਾੜਕਾ, ਮੇਹਰ ਸਿੰਘ ਸਖੀਰਾ , ਦਵਿੰਦਰ ਕੁਮਾਰ ਸੋਹਲ , ਜਸਵਿੰਦਰ ਸਿੰਘ ਮਾਣੋਚਾਹਲ, ਕਰਮ ਸਿੰਘ ਲਾਲਪੁਰ, ਤਰਸੇਮ ਸਿੰਘ ਲੁਹਾਰ, ਇੰਦਰਜੀਤ ਸਿੰਘ ਮਰਹਾਣਾ, ਤਰਜੀਤ ਸਿੰਘ ਨਾਗੋਕੇ, ਧਰਮਵੀਰ ਸਿੰਘ ਪੱਟੀ, ਮਨਜੀਤ ਸਿੰਘ ਖੇਲਾ ,ਦਲਵਿੰਦਰ ਸਿੰਘ ਪਨੂੰ , ਕਾ. ਚਰਨ ਸਿੰਘ , ਜਤਿੰਦਰਪਾਲ ਸਿੰਘ ਆਦਿ ਨੇ ਕਿਹਾ ਕੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਜਟ ਸੈਸ਼ਨ ਦੌਰਾਨ ਬਿਜਲੀ ਸੋਧ ਬਿੱਲ 2025 , ਬੀਜ ਬਿੱਲ 2025 ਵਰਗੇ ਲੋਕ ਮਾਰੂ ਬਿੱਲ ਪੇਸ਼ ਕਰਕੇ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਪੂੰਜੀਪਤੀਆਂ ਦੇ ਹਿੱਤ ਪਾਲਣ ਦੀਆਂ ਵਿਉਂਤਬੰਦੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਨੂੰ ਸੰਘਰਸ਼ਸ਼ੀਲ ਲੋਕ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ। ਆਗੂਆਂ ਨੇ ਕਿਹਾ ਕਿ ਸਰਮਾਏਦਾਰ ਪੱਖੀ ਹਾਕਮਾਂ ਦੀ ਖੋਟੀ ਨੀਅਤ ਖਿਲਾਫ਼ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਵੱਧ ਤੋਂ ਵੱਧ ਕਾਮਯਾਬ ਕੀਤਾ ਜਾਵੇਗਾ। ਆਗੂਆਂ ਨੇ ਸਭਨਾਂ ਸੰਘਰਸ਼ਸ਼ੀਲ ਧਿਰਾਂ ਦੇ ਵਰਕਰਾਂ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ 12 ਫਰਵਰੀ ਨੂੰ ਸ਼ਹਿਰ ਵਿੱਚ ਰੋਸ ਮਾਰਚ ਕਰਨ ਲਈ ਝੰਡੇ ਅਤੇ ਮਾਟੋ ਲੈ ਕੇ ਸਵੇਰੇ 11 ਵਜੇ ਗਾਂਧੀ ਪਾਰਕ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ।

# ਸਕਿਓਰਟੀ ਗਾਰਡ ਨੇ ਗੁੰਮ ਹੋਇਆ ਪਰਸ ਸਬੰਧਤ ਵਿਅਕਤੀ ਨੂੰ ਵਾਪਸ ਕਰਕੇ ਦਿਖਾਈ ਇਮਾਨਦਾਰੀ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 7 ਫਰਵਰੀ ਤਰਨ ਤਾਰਨ ਨਿਵਾਸੀ ਸੁਖਵੰਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਬੀਤੇ ਦਿਨੀ ਅੰਮ੍ਰਿਤਸਰ ਰੋਡ ਤਰਨਤਾਰਨ ਵਿਖੇ ਯੂਨੀਅਨ ਬੈਂਕ ਦੇ ਏ ਟੀ ਐਮ ਵਿਚੋਂ ਪੈਸੇ ਕਢਵਾਉਣ ਲੱਗਾ ਤਾਂ ਉਹ ਆਪਣਾ ਪਰਸ ਏਟੀਐਮ ਦੇ ਉੱਪਰ ਲਿਆ ਜੋ ਪੈਸੇ ਕਢਵਾਉਣ ਉਪਰੰਤ ਉਹ ਘਰ ਵਾਪਸ ਚਲਾ ਗਿਆ। ਜਦ ਉਸਨੇ ਘਰ ਜਾ ਕੇ ਦੇਖਿਆ ਤਾਂ ਜੇਬ ਵਿੱਚ ਪਰਸ ਨਾ ਹੋਣ ਕਰਕੇ ਉਹ ਇਕਦਮ ਉਸੇ ਸਮੇਂ ਮੁੜ ਏਟੀਐਮ ਵਿੱਚ ਜਦ ਆਇਆ ਤਾਂ ਉਸ ਜਗ੍ਹਾ ਤੇ ਪਰਸ ਨਾ ਹੋਣ ਕਰਕੇ ਉਹ ਘਬਰਾ ਗਿਆ। ਪਰ ਥੋੜੀ ਦੇਰ ਬਾਅਦ ਉਸ ਨੂੰ ਇਸ ਬੈਂਕ ਦੇ ਏਟੀਐਮ ਵਿੱਚ ਡਿਊਟੀ ਕਰਦੇ ਸਕਿਓਰਟੀ ਗਾਰਡ ਵੱਲੋ ਫੋਨ ਕਰਕੇ ਉਸ ਨੂੰ ਤਰੁੰਤ ਕਿਹਾ ਤੁਰੰਤ ਬੈਂਕ ਵਿੱਚ ਪਹੁੰਚਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜਦੋਂ ਬੈਂਕ ਵਿੱਚ ਪੁੱਜਾ ਤਾਂ ਉਸ ਨੂੰ ਸਕਿਓਰਟੀ ਕਾਰਡ ਨੇ ਪੈਸੇ ਸਮੇਤ ਪਰਸ ਵਾਪਸ ਕਰ ਦਿੱਤਾ। ਪਰਸ ਵਿੱਚ 25 ਹਜਾਰ ਰੁਪਏ ਤੋਂ ਇਲਾਵਾ ਵਿਦੇਸ਼ੀ ਕਰੰਸੀ ਆਧਾਰ ਕਾਰਡ, ਪੈਨ ਕਾਰਡ, ਏਟੀਐਮ ਕਾਰਡ ਤੋਂ ਇਲਾਵਾ ਕਾਗਜਾਤ ਸਨ ਜੋ ਉਸੇ ਤਰਾਂ ਮਿਲ ਗਏ ਹਨ। ਇਸ ਲਈ ਉਨ੍ਹਾਂ ਇਸ ਬੈਂਕ ਦੇ ਸਕਿਓਰਟੀ ਗਾਰਡ ਰਣਜੀਤ ਸਿੰਘ ਵੱਲੋਂ ਦਿਖਾਈ ਗਈ ਅਮਾਨਦਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਜੋ ਕਿ ਸਮੇਂ ਵਿੱਚ ਜਦ ਰੋਜਾਨਾ ਦੀ ਤਦਾਦ ਦੇ ਵਿੱਚ ਲੋਕ ਤਰਾਂ ਤਰਾਂ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ ਉਥੇ ਹੀ ਅਜਿਹੇ ਇਮਾਨਦਾਰ ਮੁਲਾਜ਼ਮਾ ਕਰਕੇ ਲੋਕਾਂ ਦਾ ਵਿਸ਼ਵਾਸ ਅੱਜ ਵੀ ਕਾਇਮ ਹੈ। ਇਮਾਨਦਾਰੀ ਹੀ ਇੱਕ ਬਹੁਤ ਹੀ ਵੱਡੀ ਨੇਕ ਨੀਤੀ ਹੈ ਜੋ ਇਸ ਨੇਕ ਨੀਤੀ ਨਾਲ ਆਪਣਾ ਕੰਮ ਕਰਦਾ ਹੈ ਉਹ ਹੀ ਅੱਗੇ ਸਫਲਤਾ ਪਾਉਦਾ ਹੈ। ਪਰਮਾਤਮਾ ਉਸ ਨੂੰ ਹਮੇਸ਼ਾ ਹੀ ਤਰੱਕੀ ਦਿੰਦਾ ਹੈ। ਇਸ ਮੌਕੇ ਉਨ੍ਹਾਂ ਇਸ ਬੈਂਕ ਦੇ ਅਧਿਕਾਰੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕੀਤਾ। ਉਧਰ ਰਣਜੀਤ ਸਿੰਘ ਦੀ ਇਲਾਕੇ ਵਿੱਚ ਭਰਪੂਰ ਪ੍ਰਸ਼ੰਸਾ ਹੋ ਰਹੀ ਹੈ ਕਿ ਉਨ੍ਹਾਂ ਨੇ ਇੱਕ ਇਮਾਨਦਾਰੀ ਦਿਖਾ ਕੇ ਸਬੰਧਤ ਵਿਅਕਤੀ ਨੂੰ ਉਸ ਦਾ ਗੁਮ ਹੋਇਆ ਪਰਸ ਵਾਪਸ ਕਰਕੇ ਆਪਣਾ ਫਰਜ ਨਿਭਾਇਆ।

# ਕਿਰਤੀ ਕਿਸਾਨ ਯੂਨੀਅਨ ਨੇ ਬਠਿੰਡਾ ਵਿਖੇ ਕਿਸਾਨਾਂ ਤੇ ਹੋਏ ਲਾਠੀਚਾਰਜ ਦੇ ਰੋਸ ਵਜੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 7 ਫਰਵਰੀ , ਬੀ ਕੇ ਯੂ ਉਗਰਾਹਾਂ ਦੇ ਕਾਰਕੁਨਾਂ ਤੇ ਆਗੂਆਂ 'ਤੇ ਪੰਜਾਬ ਪੁਲਿਸ ਵੱਲੋਂ ਬਠਿੰਡੇ ਵਿਖੇ ਰੋਸ ਪ੍ਰਦਰਸ਼ਨ ਦੌਰਾਨ ਕੀਤੇ ਅੰਨ੍ਹੇਵਾਹ ਤਸ਼ੱਦਦ ਦੇ ਰੋਸ ਨੂੰ ਲੈ ਕੇ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਤਰਨਤਾਰਨ ਵਲੋਂ ਸੂਬਾ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇਕਿਰਤੀ ਕਿਸਾਨ ਯੂਨੀਅਨ ਦੇ ਆਗੂ ਨਛੱਤਰ ਸਿੰਘ ਮੁਗਲਚੱਕ, ਸੁਖਚੈਨ ਸਿੰਘ ਸਰਹਾਲੀ, ਹਰਵਿੰਦਰ ਸਿੰਘ ਵਲੀਪੁਰ, ਸਰਦਾਰਾ ਸਿੰਘ ਸਖੀਰਾ, ਗੁਰਪ੍ਰਤਾਪ ਸਿੰਘ ਗੰਜਾ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਪੰਜਾਬ ਵਿੱਚ ਜਮਹੂਰੀਅਤ ਦਾ ਗਲ ਘੁੱਟਣ ਦਾ ਕੰਮ ਭਗਵੰਤ ਮਾਨ ਸਰਕਾਰ ਕਰ ਰਹੀ ਹੈ। ਉਹਨਾਂ ਕਿਹਾ ਕਿ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨਾ ਹਰੇਕ ਵਿਅਕਤੀ ਦਾ ਸੰਵਿਧਾਨਿਕ ਹੱਕ ਹੈ ਉਨ੍ਹਾਂ ਕਿਹਾ ਹੈ ਕਿ ਕਾਨੂੰਨ ਤੌਰ 'ਤੇ ਡਾਂਗ ਨਾਲ ਬਾਂਹ ਟੁੱਟਣ 'ਤੇ ਇਰਾਦਾ ਕਤਲ ਦਾ ਪਰਚਾ ਨਹੀਂ ਬਣਦਾ ਪਰ ਪੁਲਿਸ ਅੰਦੋਲਨਕਾਰੀਆਂ ਨਾਲ ਖੁੰਦਕ ਰੱਖਦਿਆਂ ਹੋਇਆਂ ਇਸ ਤਰ੍ਹਾਂ ਦੀਆਂ ਸੰਗੀਨ ਧਰਾਵਾਂ ਲਾ ਕੇ ਉਹਨਾਂ ਨੂੰ ਮਹੀਨਿਆਂ ਵੱਧੀ ਜੇਲ੍ਹਾਂ ਵਿੱਚ ਸੜਨ ਵਾਸਤੇ ਮਜ਼ਬੂਰ ਕਰ ਰਹੀ ਹੈ ਅਤੇ ਉੱਪਰੋਂ ਜ਼ਮਹੂਰੀ ਤਰੀਕੇ ਨਾਲ ਇਸ ਬੇਇਨਸਾਫੀ ਖਿਲਾਫ ਆਵਾਜ਼ ਚੁੱਕਣ 'ਤੇ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਲਹਿਰ ਨੂੰ ਕੁਚਲਣ ਦੇ ਪਿੱਛੇ ਮਨਸ਼ਾ ਇਹ ਹੈ ਕਿ ਬਿਜਲੀ ਬਿੱਲ, ਬੀਜ ਬਿੱਲ ਅਤੇ ਮੁਕਤ ਵਪਾਰ ਸਮਝੌਤਿਆਂ ਨੂੰ ਲਾਗੂ ਕਰਨ ਦੇ ਵਿੱਚ ਕਿਸਾਨ ਲਹਿਰ ਅੜਿੱਕਾ ਬਣੀ ਹੋਈ ਆ ਜਿਸ ਦੇ ਚੱਲਦਿਆਂ ਹੀ ਲਗਾਤਾਰ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਕਿਸਾਨਾਂ 'ਤੇ ਜਬਰ ਢਾਹ ਰਹੀ ਹੈ! ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਜਬਰ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਜੇਲ੍ਹ ਵਿੱਚ ਬੰਦ ਕਿਸਾਨ ਆਗੂਆਂ ਨੂੰ ਤੁਰੰਤ ਰਿਹਾ ਕਰਨਾ ਚਾਹੀਦਾ ਹੈ ਨਹੀਂ ਤਾਂ ਇੱਕ ਵੱਡੇ ਕਿਸਾਨ ਅੰਦੋਲਨ ਦਾ ਸਾਹਮਣਾ ਕਰਨ ਵਾਸਤੇ ਪੰਜਾਬ ਪੰਜਾਬ ਸਰਕਾਰ ਨੂੰ ਤਿਆਰ ਰਹਿਣਾ ਚਾਹੀਦਾ ਹੈ। ਸੂਬਾ ਸਰਕਾਰ ਦਾ ਇਹ ਪੁਤਲਾ ਸੜਿਆਲੀ ਖੁਰਦ ਬਸ ਸਟੈਂਡ ਤੇ ਫੂਕਿਆ ਗਿਆ ਇਸ ਵਿੱਚ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ ,ਬਲਦੇਵ ਸਿੰਘ ,ਨਿਰਮਲ ਸਿੰਘ ,ਗੁਰਜਿੰਦਰ ਸਿੰਘ ,ਸਤਿਨਾਮ ਸਿੰਘ ਸੱਤਾ ਸੁਖਚੈਨ ਸਿੰਘ ,ਹਰਜਿੰਦਰ ਸਿੰਘ ਆਦਿ ਸ਼ਾਮਿਲ ਸਨ ।ਇਸ ਮੌਕੇ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜੀ ਕੀਤੀ

